# ਭਗਵਾਨ ਮਹਾਵੀਰ ਦਾ ਬੁਨਿਆਦੀ ਚਿੰਤਨ

ਮਹਾਵੀਰ ਦਾ ਜਨਮ 599 ਈ: ਪੂ: 19 ਮਾਰਚ ਦਿਨ ਸ਼ਨੀਵਾਰ (ਮਹੀਨਾ ਚੇਤ, ਚਾਣਨ ਪੱਖ ਦੀ 13 ਤਾਰੀਖ) ਅੱਧੀ ਰਾਤ ਨੂੰ ਬਿਹਾਰ ਵਿੱਚ ਵੈਸ਼ਾਲੀ ਵਿਖੇ ਕੁੰਡ ਗਰਾਮ ਵਿੱਚ ਹੋਇਆ। ਕੁੰਡਗਰਾਮ ਗਿਆਤ ਖੱਤਰੀਆਂ ਦਾ ਗਣਰਾਜ ਸੀ। ਮਹਾਵੀਰ ਦੇ ਪਿਤਾ ਰਾਜਾ ਸਿਧਾਰਥ ਉਸ ਦੇ ਗਣਪ੍ਰਮੁੱਖ ਅਤੇ ਮਾਤਾ ਤ੍ਰਿਸ਼ਲਾ ਜਿਸ ਨੂੰ ਪ੍ਰਿਆਕਾਰਨੀ ਵੀ ਆਖਿਆ ਜਾਂਦਾ ਸੀ। ਵੈਸ਼ਾਲੀ ਗਣਰਾਜ ਦੇ ਲਿੱਛਵੀ ਵੰਸ਼ ਦੇ ਰਾਸ਼ਟਰ ਪ੍ਰਮੁੱਖ ਚੇਟਕ ਦੀ, ਦਿਗੰਬਰ ਜੈਨ ਪ੍ਰੰਪਰਾ ਅਨੁਸਾਰ ਪੁੱਤਰੀ ਸੀ, ਜਦਕਿ ਸ਼ਵੈਤਾਂਵਰ ਜੈਨ ਪ੍ਰੰਪਰਾ ਦੇ ਅਨੁਸਾਰ ਉਹ ਭੈਣ ਸੀ। ਪੁੱਤਰ ਦੇ ਗਰਭ ਵਿੱਚ ਆਉਣ ਦੇ ਸਮੇਂ ਤੋਂ ਹੀ ਰਾਜ ਵਿੱਚ ਧਨ ਅਨਾਜ ਦਾ ਵਾਧਾ ਹੋਣ ਲੱਗਾ ਇਸ ਲਈ ਪਿਤਾ ਨੇ ਪੁੱਤਰ ਦਾ ਨਾਂ ਰੱਖਿਆ ਵਰਧਮਾਨ। ਫੇਰ ਬਚਪਨ ਤੋਂ ਹੀ ਬੁੱਧੀ ਦੀ ਨਿਰਮਲਤਾ ਅਤੇ ਅਨੇਕਾਂ ਬਹਾਦਰੀ ਵਾਲੇ ਕਾਰਨਾਮਿਆਂ ਦੇ ਕਾਰਨ ਵਰਧਮਾਨ ਨੂੰ ਸਨਮਤੀ ਅਤੇ ਮਹਾਵੀਰ ਦੇ ਨਾਂ ਪ੍ਰਾਪਤ ਹੋਏ।

ਮਹਾਵੀਰ ਨੂੰ ਲੋਕਤੰਤਰ ਅਤੇ ਗਣਤੰਤਰ ਦੀ ਸੋਚ ਦੇ ਸੰਸਕਾਰ ਅਪਣੇ ਮਾਤਾ ਪਿਤਾ ਤੋਂ ਵਿਰਾਸਤ ਵਿੱਚ ਮਿਲੇ ਸਨ। ਉਹ ਖੁਦ ਵੀ ਉਨ੍ਹਾਂ ਦੀ ਤਰ੍ਹਾਂ ਗਣਰਾਜ ਦੇ ਖੁੱਲੇ ਅਤੇ ਖਿੜੇ ਮਾਹੌਲ ਵਿੱਚ ਪਲੇ ਵੱਧੇ। ਗਣਰਾਜ ਦਾ ਸ਼ਾਸ਼ਕ ਪ੍ਰਮੁੱਖ / ਗਣਮੁੱਖ ਜਾਂ ਰਾਜਾ ਅਖਵਾਉਂਦਾ ਸੀ। ਇਹ ਪਦ ਉਸ ਨੂੰ ਚੋਣ ਰਾਹੀਂ ਹਾਸਲ ਹੁੰਦਾ ਸੀ। ਇਹ ਨਿਸ਼ਚਤ ਸਮੇਂ ਲਈ ਰਾਜ ਕਰਦਾ ਸੀ। ਗਣ ਪਰਿਸਧ ਦਾ ਸਭਾਪਤੀ ਵੀ ਉਹ ਹੀ ਹੁੰਦਾ ਸੀ ਅਤੇ ਪਰਿਸਧ ਦੇ ਨਿਰਨੈ ਅਨੁਸਾਰ ਰਾਜ ਕਰਦਾ ਸੀ। ਪਰਿਸਧ ਵਿੱਚ ਗਣ ਪੂਰਤੀ ਦਾ ਨਿਯਮ ਸੀ, ਪ੍ਰਸਤਾਵ ਨੂੰ ਤਿੰਨ ਵਾਰ ਪੜ੍ਹਕੇ ਸੁਣਾਇਆ ਜਾਂਦਾ ਸੀ, ਫੇਰ ਉਸ ‘ਤੇ ਵਿਚਾਰ, ਬਹਿਸ ਅਤੇ ਵੋਟਿੰਗ ਦੀ ਲੋਕਤਾਂਤਰਿਕ ਪ੍ਰਕ੍ਰਿਆ ਵਿਚੋਂ ਗੁਜਰਦਾ ਸੀ। ਵੋਟਿੰਗ ਦੇ ਲਈ ਵੋਟਰਾਂ ਨੂੰ ਲਕੜੀ ਦੀਆਂ ਛੋਟੀਆਂ ਤਖਤੀਆਂ ਜਿਨ੍ਹਾਂ ਨੂੰ ਸ਼ਲਾਕਾ ਆਖਦੇ ਸਨ ਦਿਤੀਆਂ ਜਾਂਦੀਆਂ ਸਨ। ਗਿਣਤੀ ਦੇ ਲਈ ਉਨ੍ਹਾਂ ਨੂੰ ਇੱਕਠਾ ਕਰਨ ਦਾ ਕੰਮ ਸ਼ਲਾਕਾ ਗ੍ਰਾਹਕ ਦਾ ਸੀ। ਵੋਟ ਨੂੰ ਗੁਪਤ ਰੱਖਿਆ ਜਾਂਦਾ ਸੀ।

ਬੈਠਕਾਂ ਅਸੈਂਬਲੀ ਹਾਲ ਵਿੱਚ ਹੁੰਦੀਆਂ ਸਨ। ਕਾਰਵਾਈ ਲਿਖੀ ਅਤੇ ਸੁਰੱਖਿਅਤ ਰੱਖੀ ਜਾਂਦੀ ਸੀ। ਮੈਂਬਰਾਂ ਨੂੰ ਬਿਨੈ ਦਾ ਪਾਲਣ ਕਰਨਾ ਪੈਂਦਾ ਸੀ। ਫਾਲਤੂ ਗੱਲ ਕਰਨ ਦੀ ਅਸੰਬਲੀ ਵਿੱਚ ਮਨਾਹੀ ਸੀ। ਕਿਸੇ ਮੈਂਬਰ ਵੱਲੋਂ ਗਲਤ ਵਿਵਹਾਰ ਕਰਨ ਤੇ ਉਸ ਵਿਰੁੱਧ ਨਿੰਦਾ ਪ੍ਰਸਤਾਵ ਲਿਆਉਣ ਦਾ ਨਿਯਮ ਵੀ ਸੀ। ਕਈ ਗਣਰਾਜਾਂ ਦੇ ਮਿਲਣ ਨਾਲ ਇਕ ਸੰਘ ਬਣਦਾ ਸੀ ਸੰਘ ਦੇ ਸਾਰੇ ਮੈਂਬਰਾਂ ਦਾ ਹੱਕ ਤੇ ਦਰਜਾ ਬਰਾਬਰ ਰਹਿੰਦਾ ਸੀ। ਅਜਿਹੇ ਦੋ ਪ੍ਰਮੁੱਖ ਸੰਘ ਸਨ ਬੱਜੀ ਅਤੇ ਮੱਲ। ਲਿੱਛਵੀ, ਗਿਆਤ, ਵਿਦੇਹ ਆਦਿ ਅੱਠ ਗਣਰਾਜਾਂ ਦੇ ਕਾਰਨ ਬੱਜੀ ਸੰਘ ਇਕ ਤਾਕਤਵਰ ਸੰਘ ਸੀ, ਉਸ ਦੀ ਰਾਜਧਾਨੀ ਵੈਸ਼ਾਲੀ ਸੀ ਅਤੇ ਪੜੋਸੀ ਰਾਜ ਉਸ ਦਾ ਲੋਹਾ ਮੰਨਦੇ ਸਨ। ਮੱਗਧ ਜਿਹਾ ਸ਼ਕਤੀਸਾਲੀ ਰਾਜਤੰਤਰ ਵੀ ਉਸ ਦੇ ਮੈਂਬਰਾਂ ਨਾਲ ਦੋਸਤੀ ਰੱਖਣ ਵਿੱਚ ਅਪਣੀ ਖੈਰ ਸਮਝਦਾ ਸੀ।

ਇਸ ਪ੍ਰਕਾਰ ਸਭ ਦੀ ਅਜ਼ਾਦੀ, ਸਭ ਦੀ ਬਰਾਬਰੀ, ਖੁਦ-ਮੁਖਤਾਰੀ, ਵੰਸ਼ਵਾਦ ਦਾ ਖਾਤਮਾ, ਬੋਲਣ ਦੀ ਅਜ਼ਾਦੀ, ਵਿਚਾਰ ਵਟਾਂਦਰਾ, ਫੈਸਲਾ ਲੈਣ ਦੀ ਪ੍ਰਕ੍ਰਿਆ ਵਿਚ ਸੱਮੁਚੀ ਪਾਰਦਰਸ਼ਤਾ, ਬਿਨ੍ਹਾਂ ਕਿਸੇ ਦੇ ਦਖਲ, ਅਪਣੇ ਖੇਤਰ ਦਾ ਸਨਮਾਨ, ਬਰਾਬਰੀ ਦੀ ਭਾਵਨਾ ਅਤੇ ਮਨੁੱਖੀ ਵਿਵਹਾਰ ਦੀਆਂ ਸਾਰੀਆਂ ਚੰਗਿਆਈਆਂ ਨੂੰ ਨਾ ਕੇਵਲ ਗਣਰਾਜ ਦੇ ਸੀਮਤ ਦਾਇਰੇ ਵਿਚ ਸਗੋਂ ਬੱਜੀ ਸੰਘ ਦੇ ਵਡੇ ਦਾਇਰੇ ਵਿਚੋਂ ਵੀ ਹੁੰਦੇ ਵੇਖਿਆ ਸੀ। ਪਹਿਲੇ ਤੀਰਥੰਕਰ, ਆਦਿਨਾਥ/ ਰਿਸ਼ਭਦੇਵ ਤੋਂ ਲੈਕੇ ਤੀਰਥੰਕਰ ਪਾਰਸ਼ਵਨਾਥ ਦੀ ਅਟੁਟ ਅਤੇ ਬੇਹਦ ਵਿਕਸ਼ਤ ਪ੍ਰੰਪਰਾ ਤੋਂ ਇਲਾਵਾ ਚੰਗਿਆਈਆਂ ਦੇ ਇਹਨਾਂ ਯੁਗ ਦੇ ਪਰੀਪੇਖ ਨੇ ਵੀ ਕੁਦਰਤੀ ਤੋਰ ਤੇ ਮਹਾਵੀਰ ਨੂੰ ਪ੍ਰਭਾਵਤ ਕੀਤਾ। ਮਹਾਵੀਰ ਦੇ ਨਿਰਵਾਨ (527 ਈ. ਪੁ.) ਦੇ ਕਈ ਸਾਲ ਤਕ ਵੀ ਗਣਰਾਜਾਂ ਅਤੇ ਬੱਜੀ ਸੰਘ ਦੀ ਇਹ ਨਾ ਜਿਤਨ ਯੋਗ ਹੋਂਦ ਬਣੀ ਹੋਈ ਸੀ। ਆਪਣੇ ਪਿਤਾ ਬਿੰਬਸਾਰ ਦਾ, ਜਿਸ ਨੂੰ ਪ੍ਰਾਚੀਨ ਜੈਨ ਸਾਹਿਤ ਵਿਚ ਰਾਜਾ ਸ਼੍ਰੇਣਿਕ / ਬਿੰਬਸਾਰ / ਭੰਵਾਸਾਰ ਕਿਹਾ ਗਿਆ ਹੈ ਦਾ ਕਤਲ ਕਰਕੇ 400 ਈ. ਪੁ. ਵਿਚ ਮੱਗਧ ਦੇ ਸਿੰਘਾਸਨ ਨੂੰ ਹਥਿਆਨ ਵਾਲਾ ਅਜਾਤਸ਼ਤਰੂ ਨੇ ਪਹਿਲਾਂ ਬਗਾਵਤਾਂ ਰਾਹੀਂ ਬੱਜੀ ਸੰਘ ਨੂੰ ਕਮਜੋਰ ਕਰਨ ਦਾ ਰਸਤਾ ਚੁਣਿਆ। ਕਮਜੋਰ ਹੋਇਆ ਬੱਜੀ ਸੰਘ ਬਾਅਦ

ਵਿੱਚ ਸਿਧੀ ਜੰਗ ਰਾਹੀਂ 10 ਸਾਲ ਤਕ ਅਜਾਤ ਸ਼ਤਰੂ ਨਾਲ ਜੰਗ ਕਰਦਾ ਰਿਹਾ।

ਮਹਾਵੀਰ ਦੇ ਜੀਵਨ ਵਿਚ ਕੋਈ ਹੜਬੜੀ ਨਹੀਂ ਹੈ। ਉਹਨਾਂ ਨਾਲ ਜੁੜਿਆਂ ਘਟਨਾਵਾਂ ਸਿਧ ਕਰਦੀਆਂ ਹਨ ਕਿ ਉਨ੍ਹਾਂ ਦਾ ਜੀਵਨ ਭੱਜਦਾ ਹੋਇਆ ਨਹੀਂ, ਠਹਿਰ ਕੇ ਸੋਚਦਾ ਹੋਇਆ, ਸ਼ਾਂਤ ਨਿਰਪਖ ਅਤੇ ਚੀਜਾਂ ਨੂੰ ਬਿਨ੍ਹਾਂ ਕਿਸੇ ਪਿਛਲੀ ਮਾਨਤਾ ਦੇ ਸਮਝਣ ਦੇ ਲਈ ਪੇਸ਼ ਹੁੰਦਾ ਹੈ। ਗ੍ਰਹਿਣ ਕਰਨ ਦੀ ਭਾਵ ਉਤਾਵਲਾਪਨ ਵੀ ਨਹੀਂ ਅਤੇ ਪਿੱਛੇ ਰਹਿ ਜਾਣ ਦੇ ਬੋਝ ਦਾ ਪਸ਼ਚਾਤਾਪ ਵੀ ਨਹੀਂ। ਜੀਵਨ ਵਿਚ ਕੋਈ ਨਾਟਕ ਨਹੀਂ ਕੋਈ ਤਮਾਸ਼ਾ ਨਹੀਂ। ਇਕ ਮੈਦਾਨੀ ਨਦੀ ਦੀ ਤਰ੍ਹਾਂ ਸ਼ਾਂਤ ਬਹਾਉ ਜਿਹਾ ਜੀਵਨ ਹੈ।

ਇਸ ਲਈ 30 ਸਾਲ ਦੀ ਉਮਰ ਵਿੱਚ ਮਹਾਵੀਰ ਦਾ ਸੰਨਿਆਸ ਲੈਣਾ ਕਿਸੇ ਹੰਝੂ ਭਰੀ ਜਾਂ ਫੌਰੀ ਘਟਨਾ ਦਾ ਨਤੀਜਾ ਨਹੀਂ, ਸਗੋਂ ਚਿੰਤਨ ਮਨ ਦੀ ਲੰਬੀ ਪ੍ਰਕ੍ਰਿਆ ਦਾ ਸਿਟਾ ਰਿਹਾ ਹੋਵੇਗਾ। ਇਹ ਉਮਰ ਅਜਿਹੀ ਨਹੀਂ ਹੁੰਦੀ ਕਿ ਕੋਈ ਸੰਨਿਆਸ ਦੇ ਰਾਹ ‘ਤੇ ਚਲ ਪਵੇ। ਮਹਾਵੀਰ ਨੇ ਤੈਅ ਕੀਤਾ ਹੋਵੇਗਾ ਕਿ ਉਹ ਰਾਜਸੀ ਸੁਖਾਂ ਨੂੰ ਛੱਡਕੇ ਸੰਨਿਆਸ ਦੇ ਕੰਡੀਆਂ ਭਰੇ ਰਾਹ ਤੇ ਚੱਲਣਗੇ। ਸ਼ਵੈਤਾਂਬਰ ਜੈਨ ਮਾਨਤਾ ਹੈ ਕਿ ਉਹ ਸ਼ਾਦੀਸ਼ੁਦਾ ਸਨ। ਜਦਕਿ ਦਿਗੰਬਰ ਜੈਨ ਮਾਨਤਾ ਹੈ ਕਿ ਉਨ੍ਹਾਂ ਦੀ ਸ਼ਾਦੀ ਨਹੀਂ ਹੋਈ ਸੀ। ਜਦ ਉਹ 27 ਸਾਲ ਦੇ ਸਨ, ਸ਼ਵੈਤਾਂਬਰ ਜੈਨ ਪ੍ਰੰਪਰਾ ਆਖਦੀ ਹੈ ਕਿ ਉਨ੍ਹਾਂ ਦੇ ਮਾਤਾ ਪਿਤਾ ਦੀ ਮੌਤ ਹੋ ਗਈ। ਹੁਣ ਉਹ ਪਹਿਲਾਂ ਤੋਂ ਜ਼ਿਆਦਾ ਆਜ਼ਾਦ ਹੋ ਗਏ। ਭਰਾ ਤੋਂ ਸਾਧੂ ਬਣਨ ਦੀ ਆਗਿਆ ਮੰਗੀ। ਉਨ੍ਹਾਂ (ਭਰਾ) ਦਾ ਸੰਕੋਚ ਵੇਖਿਆ, ਤਾਂ ਠਹਿਰ ਗਏ। ਦਿਗੰਬਰ ਜੈਨ ਪ੍ਰੰਪਰਾ ਆਖਦੀ ਹੈ ਮਾਤਾ ਪਿਤਾ ਸਭ ਦੀ ਸਹਿਮਤੀ ਲੈ ਕੇ ਉਹ ਘਰ ਤੋਂ ਬਾਹਰ ਆਏ। ਸਾਡੇ ਬਾਰਾਂ ਸਾਲ ਤੱਕ ਮੋਨ (ਖਾਮੋਸ਼ੀ) ਨਾਲ ਤੱਪਸਿਆ ਕਰਦੇ ਰਹੇ। ਸਿਰਫ ਚਿੰਤਨ ਅਤੇ ਧਿਆਨ ਦੇ ਰਾਹੀਂ ਉਨ੍ਹਾਂ ਨੇ ਸੱਚ ਨੂੰ ਪ੍ਰਾਪਤ ਕਰ ਲਿਆ। 557 ਈ. ਪੂ. 31 ਮਾਰਚ, ਸੋਮਵਾਰ (ਵੈਸ਼ਾਖ ਸ਼ੁਕਲ ਦਸਵੀਂ) ਨੂੰ ਬਿਹਾਰ ਦੇ ਜ੍ਰੰਬਕ ਪਿੰਡ ਦੀ ਰਿਜੂਕੁਲਾ ਨਦੀ ਦੇ ਕਿਨਾਰੇ ਇਕ ਟਾਲੀ ਦੇ ਦਰਖਤ ਹੇਠਾਂ ਇਹ ਘਟਨਾ ਹੋਈ। ਇਸ ਤੋਂ ਬਾਅਦ ਉਨ੍ਹਾਂ ਨੂੰ ਸਰਵੱਗ (ਸਭ ਕੁਝ ਜਾਨਣ ਵਾਲਾ) ਕਿਹਾ ਜਾਣ ਲੱਗਾ। ਗਿਆਨ ਤੇ ਚਿੰਤਨ

ਦੇ ਪੈਰਾਂ ਤੋਂ ਹੀ ਯਾਤਰਾ ਕਰਨ ਦੇ ਕਾਰਨ, ਉਨ੍ਹਾਂ ਦੇ ਵਿਚਾਰਾਂ ਅਤੇ ਸਿੱਟੀਆਂ ਦੀ ਬੁਨਿਆਦ ਬਹੁਤ ਠੋਸ ਗਹਿਰੀ ਅਤੇ ਸਦਾ ਰਹਿਣ ਵਾਲੀ ਹੈ।

ਮਹਾਵੀਰ ਦੀ ਤੱਪਸੀਆ ਨੇ ਉਨ੍ਹਾਂ ਸਾਹਮਣੇ, ਇਹ ਬੁਨਿਆਦੀ ਸੱਚ ਪ੍ਰਗਟ ਕੀਤਾ ਕਿ ਪਦਾਰਥ / ਵਸਤੂ / ਦ੍ਰਵ ਜਾਂ ਸੱਤ ਮਹਾਨ ਹੈ। ਇਸ ਲਈ ਉਹ ਚਾਹੇ ਜੀਵ ਹੋਵੇ ਜਾਂ ਅਜੀਵ ਉਸ ਵਸਤੂ / ਦ੍ਰਵ ਦੇ ਨਾਲ ਇਜੱਤ ਨਾਲ ਪੇਸ਼ ਆਉਣਾ ਚਾਹਿਦਾ ਹੈ। ਇਸ ਅਨੁਭਵ ਦੀ ਅਸਾਧਾਰਨਤਾ ਇਕ ਇਸੇ ਗਲ ਤੋਂ ਸਮਝੀ ਜਾ ਸਕਦੀ ਹੈ ਕਿ ਇਸ ਨੂੰ ਸਮਝਣ ਦੇ ਲਈ ਵਿਗਿਆਨ ਨੂੰ ਲਗਭਗ 2 ½ ਹਜ਼ਾਰ ਸਾਲ ਦਾ ਸਮਾਂ ਲੱਗਾ। 20ਵੀਂ ਸਦੀ ਵਿੱਚ ਆਇਨਸਟਾਇਨ ਦੇ ਰਾਹੀਂ ਇਸ ਨੂੰ ਸਮਝਣ ਲਈ ਰਾਜਨਿਤੀ ਸ਼ਾਸਤਰ ਨੂੰ 2 ½ ਹਜ਼ਾਰ ਸਾਲ ਤੱਕ ਇੰਤਜਾਰ ਕਰਨਾ ਪਿਆ। ਫ੍ਰਾਂਸਿਸੀ ਕ੍ਰਾਂਤੀ ਦੇ ਸਮੇਂ ਹੀ ਸੰਸਾਰ ਇਸ ਨੂੰ ਸਮਝ ਸਕਿਆ। ਫੇਰ ਵੀ ਆਇਨਸਟਾਇਨ ਨੇ ਮੂਲ ਜੜ ਪਦਾਰਥਾਂ ਦੇ ਹਵਾਲੇ ਵਿੱਚ ਅਤੇ ਫ੍ਰਾਂਸਿਸੀ ਕ੍ਰਾਂਤੀ ਨੇ ਸਿਰਫ ਮਨੁੱਖੀ ਹਵਾਲੀਆ ਨਾਲ ਹੀ ਇਸ ਨੂੰ ਸਮਝੀਆ। ਮਹਾਵੀਰ ਨੇ ਸੰਪੂਰਨ ਜੜ ਚੇਤਨ ਦੇ ਹਵਾਲੇ ਨਾਲ, ਇਸ ਨੂੰ ਅਪਣੀ ਆਤਮਾ ਦੇ ਪ੍ਰਕਾਸ਼ ਨਾਲ ਵੇਖਿਆ। ਉਨ੍ਹਾਂ ਮਾਨਵ ਅਧਿਕਾਰਾਂ ਜਾਂ ਪ੍ਰਾਣੀਆਂ ਦੇ ਅਧਿਕਾਰਾਂ ਦੀ ਹੀ ਨਹੀਂ, ਸਗੋਂ ਸਾਰੇ ਜੜ - ਚੇਤਨ ਦੇ ਅਧਿਕਾਰਾਂ ਦੀ ਚਿੰਤਾ ਕੀਤੀ।

ਆਪ ਨੇ ਚੋਗਿਰਦਾ - ਅਪਣੇ ਪਾਣੀ, ਜੰਗਲ, ਜਮੀਨ ਆਦਿ ਨੂੰ ਬਚਾਉਣ ਦੀ ਚਿੰਤਾ ਕਰਦੇ ਸਨ, ਅਜੋਕੀ ਦੁਨਿਆਂ ਨੂੰ ਇਹ ਜਾਣ ਕੇ ਖੁਸ਼ੀ ਭਰਿਆ ਅਚੰਬਾ ਹੋਵੇਗਾ ਕਿ ਮਹਾਵੀਰ ਇਨ੍ਹਾਂ ਸਾਰੀਆਂ ਨੂੰ ਨਿਰਜੀਵ ਨਹੀਂ, ਸਗੋਂ ਜੀਵ ਮੰਨਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਤੋਂ ਸੰਸਾਰ ਵਿੱਚ ਪ੍ਰਾਣੀ ਦੋ ਪ੍ਰਕਾਰ ਦੇ ਹੁੰਦੇ ਹਨ ਤ੍ਰੱਸ (ਹਿਲਨ ਚਲਨ ਵਾਲੇ) ਅਤੇ ਸਥਾਵਰ। ਸ਼ੰਖ, ਕੀੜੀ, ਭੌਰਾ ਅਤੇ ਪਸ਼ੂ / ਮਨੁੱਖ ਸਿਲਸਿਲੇਵਾਰ ਦੋ, ਤਿੰਨ, ਚਾਰ, ਅਤੇ ਪੰਜ ਇੰਦਰੀਆਂ ਵਾਲੇ ਤ੍ਰੱਸ ਜੀਵ ਹਨ। ਇਹ ਮੁਕਬਲਾ ਕਰ ਸਕਦੇ ਹਨ, ਖੁਦ ਆਪਣੀ ਇੱਛਾ ਨਾਲ ਚੱਲ ਸਕਦੇ ਹਨ, ਇਸ ਦੇ ਉੱਲਟ ਜੋ ਮੁਕਾਬਲਾ ਨਹੀਂ ਕਰ ਸਕਦੇ, ਖੁਦ ਅਪਣੀ ਇੱਛਾ ਨਾਲ ਨਹੀਂ ਚੱਲ ਸਕਦੇ, ਜਿਵੇਂ (ਪ੍ਰਿਥਵੀ, ਪਾਣੀ, ਅੱਗ, ਹਵਾ ਅਤੇ ਬਨਸਪਤੀ) ਇਹ ਸਥਾਵਰ ਜੀਵ ਹਨ। ਜੈਨ ਗ੍ਰੰਥਾਂ ਵਿੱਚ ਇਨ੍ਹਾਂ ਨੂੰ

ਪ੍ਰਿਥਵੀ ਕਾਯਾ, ਜਲ ਕਾਯਾ, ਤੇਜ ਕਾਯਾ, ਵਾਯੂ ਕਾਯਾ ਅਤੇ ਬਨਸਪਤੀ ਕਾਯਾ ਵਾਲੇ ਇਕ ਇੰਦਰੀ ਜੀਵ ਕਿਹਾ ਗਿਆ ਹੈ। ਸਥਾਵਰ ਜੀਵਾਂ ਨੂੰ ਵੀ ਕਸ਼ਟ ਦੇਣਾ, ਉਨ੍ਹਾਂ ਦਾ ਗੈਰ ਜ਼ਰੂਰੀ ਖਰਚ ਅਤੇ ਗੈਰ ਜ਼ਰੂਰੀ ਵਰਤੋਂ ਕਰਨਾ ਮਹਾਵੀਰ ਦੀ ਦ੍ਰਿਸ਼ਟੀ ਵਿੱਚ ਹਿੰਸਾਂ ਹੈ। ਹੋਲੀ ਹੋਲੀ ਹੁਣ ਸਾਡੇ ਵਿਗਿਆਨਕ ਪ੍ਰਯੋਗ ਵੀ ਇਹ ਸਵੀਕਾਰ ਕਰਨ ਲੱਗੇ ਹਨ ਕਿ ਇਨ੍ਹਾਂ ਪ੍ਰਾਣੀਆਂ ਦੀ ਸਥਿਤੀ ਸਵੀਕਾਰ ਕਰਨ ਦੇ ਮਾਮਲੇ ਵਿੱਚ ਮਹਾਵੀਰ ਦੀ ਦ੍ਰਿਸ਼ਟੀ ਗਲਤ ਨਹੀਂ।

ਮਹਾਵੀਰ ਦੀ ਸਰਵੱਗਤਾ ਦਾ ਇਹ ਅਰਥ ਨਹੀਂ ਹੈ ਕਿ ਉਨ੍ਹਾਂ ਨੂੰ ਸੰਸਾਰ ਦੀਆਂ ਸਾਰੀਆਂ ਵਸਤੂਆਂ ਅਤੇ ਪ੍ਰਕ੍ਰਿਆਵਾਂ ਦਾ ਗਿਆਨ ਹੋਵੇਗਾ ਜਾਂ ਉਹ ਕਾਰ, ਟੀ.ਵੀ. ਆਦਿ ਬਣਾ ਸਕਦੇ ਸਨ ਜਾਂ ਕੋਈ ਮਸ਼ੀਨ ਖਰਾਬ ਹੋ ਜਾਏ ਉਸ ਨੂੰ ਠੀਕ ਕਰ ਸਕਦੇ ਸਨ। ਉਨ੍ਹਾਂ ਦੀ ਸਰਵੱਗਤਾ ਦਾ ਅਰਥ ਹੈ ਕਿ ਉਹ ਸਭ ਕੁੱਝ ਜਾਣ ਗਏ ਸਨ। ਜਿਸ ਨੂੰ ਜਾਨਣ ਤੋਂ ਬਾਅਦ ਕੁਝ ਵੀ ਜਾਣਨਾ ਬਾਕੀ ਨਹੀਂ ਰਹਿ ਜਾਂਦਾ। ਇਸ ਗਿਆਨ ਦੇ ਰਾਹੀਂ ਉਹ ਵਸਤੂਆਂ ਦੇ ਆਪਸੀ ਵਿਵਹਾਰ ਦੇ ਉਨ੍ਹਾਂ ਮਾਪ ਦੰਡਾ ਨੂੰ ਤਹਿ ਕਰ ਸਕੇ ਜਿਨ੍ਹਾਂ ਨਾਲ ਮਨੁੱਖੀ ਹੋਂਦ ਦੇ ਵਿਕਾਸ਼ ਦਾ ਦਰਵਾਜਾ ਖੁਲ੍ਹਦਾ ਹੈ। ਇਸੇ ਗਿਆਨ ਨੂੰ ਉਹ ਅਨੇਕਾਂਤ, ਸਿਆਦਵਾਦ, ਅਹਿੰਸਾ, ਅਪਰਿਗ੍ਰਹਿ ਆਦਿ ਸੱਚਾਈਆਂ ਨੂੰ ਵੇਖ ਸਕੇ ਅਤੇ ਇਸੇ ਨਾਲ ਮਨੁੱਖੀ ਆਚਰਨ ਵਿੱਚ ਸਹਿਨਸ਼ੀਲਤਾ ਅਤੇ ਦੂਸਰੇ ਦੀ ਇੱਜ਼ਤ ਦੀ ਭਾਵਨਾ ਪੈਦਾ ਕਰ ਸਕੇ।

ਵਸਤੂ ਸਵਰੂਪ ਦੀ ਜਾਣਕਾਰੀ ਤੋਂ ਬਾਅਦ ਮਹਾਵੀਰ ਦੇ ਲਈ ਸਿਰਫ ਗਿਆਨ ਹੀ ਬਾਕੀ ਰਹਿ ਗਿਆ। ਜੇ ਜੜ ਨੂੰ ਸਿੰਜਨਾ ਹੈ ਉਸ ਤੋਂ ਬਾਅਦ ਫੁੱਲ, ਫੱਲ, ਜਾਂ ਸ਼ਾਖਾਵਾਂ ਨੂੰ ਸਿੰਜਨਾ ਜ਼ਰੂਰੀ ਨਹੀਂ ਰਹਿ ਜਾਂਦਾ। ਮਹਾਵੀਰ ਇਸੇ ਅਰਥ ਵਿੱਚ ਸਰਵੱਗ ਹਨ ਉਨ੍ਹਾਂ ਅਪਣੇ ਆਪ ਨੂੰ ਜਾਣ ਲਿਆ, ਅਪਣੇ ਆਪ ਨੂੰ ਜਾਣ ਲੈਣ ਵਾਲਾ ਸਭ ਨੂੰ ਜਾਣ ਲੈਂਦਾ ਹੈ। ਮਹਾਵੀਰ ਨੂੰ ਕੇਵਲ ਗਿਆਨ ਹੋ ਗਿਆ ਹੈ, ਕੇਵਲ ਗਿਆਨ ਦਾ ਮੂਲ ਵਿਸ਼ਾ ਆਤਮਾ ਹੀ ਹੈ। ਅਚਾਰਿਆ ਕੁੰਦਕੁੰਦ ਨੇ ਸਪਸ਼ਟ ਕੀਤਾ ਹੈ, "ਵਿਵਹਾਰ ਤੋਂ ਵੀ ਆਖਿਆ ਜਾਂਦਾ ਹੈ ਕਿ ਕੇਵਲੀ ਭਗਵਾਨ ਸਭ ਕੁਝ ਜਾਣਦੇ ਵੇਖਦੇ ਹਨ, ਨਿਸਚੈ ਨਾਲ ਤਾਂ ਉਹ ਆਤਮਾ ਨੂੰ ਹੀ ਜਾਣਦੇ ਵੇਖਦੇ ਹਨ" ਮਹਾਵੀਰ ਨੇ ਇਸੇ ਮੂਲ ਨੂੰ ਪ੍ਰਾਪਤ

ਕਰ ਲਿਆ। ਉਹ ਦ੍ਰਿਸ਼ਟੀ ਭਰਪੁਰ ਹੋ ਗਏ। ਦ੍ਰਿਸ਼ਟੀ ਭਰਪੁਰ ਮਨੁੱਖ ਸਭ ਪਾਸੇ ਵੇਖ ਸਕਦਾ ਹੈ, ਮਹਾਵੀਰ ਦੇ ਲਈ ਸਭ ਪਾਸੇ ਵੇਖਣਾ ਸੰਭਵ ਹੋ ਗਿਆ। ਆਧੁਨਿਕ ਯੁੱਗ ਵਿੱਚ ਦ੍ਰਿਸ਼ਟੀ ਭਰਪੁਰਤਾ ਦੀ ਕੁਝ ਝਲਕ ਸਾਨੂੰ ਮਹਾਤਮਾ ਗਾਂਧੀ ਵਿੱਚ ਵੇਖਣ ਨੂੰ ਮਿਲਦੀ ਹੈ। ਉਹ ਸਾਹਿਤ - ਸਮਿਖਿਆਕਾਰ ਨਹੀਂ ਸਨ। ਪਰ ਜਦੋਂ ਵੀ ਕੋਈ ਸਾਹਿਤ ਵਿਵਾਦ ਉਨ੍ਹਾਂ ਕੋਲ ਲਿਜਾਇਆ ਗਿਆ ਉਨ੍ਹਾਂ ਸਹੀ ਫੈਸ਼ਲਾ ਕੀਤਾ ਸਾਹਿਤ ਨੂੰ ਸਾਹਿਤ ਦੀ ਦ੍ਰਿਸ਼ਟੀ ਨਾਲ ਹੀ ਵੇਖਿਆ। ਡਾਕਟਰ ਨਹੀਂ ਸਨ, ਅਰਥ ਸ਼ਾਸਤਰੀ ਨਹੀਂ ਸਨ ਪਰ ਉਨ੍ਹਾ ਚਕਿਤਸਾ ਸ਼ਾਸਤਰ ਵਿੱਚ, ਅਰਥ ਸ਼ਾਸਤਰ ਵਿੱਚ ਸਾਰਥਕ ਅਤੇ ਮੋਲਿਕ ਦਖਲ ਅੰਦਾਜੀ ਕੀਤੀ, ਦਾਰਸ਼ਨਿਕ ਨਹੀਂ ਸਨ ਪਰ ਗੀਤਾ ਦੀ ਉਨ੍ਹਾਂ ਦੀ ਅਪਣੀ ਵਿਆਖਿਆ ਹੈ। ਸਮਾਜ ਸ਼ਾਸਤਰੀ ਨਹੀਂ ਸਨ ਪਰ ਇਸਤਰੀ ਕਲਿਆਣ, ਹਰੀਜਨ ਸੁਧਾਰ ਆਦਿ ਦੀ ਉਨ੍ਹਾਂ ਨੇ ਅਪਣੀ ਨਿੱਜੀ ਮੋਲਿਕ ਯੋਜਨਾਵਾਂ ਨੂੰ ਪੇਸ਼ ਕੀਤਾ। ਸਿੱਖਿਆ ਸ਼ਾਸਤਰੀ ਨਹੀਂ ਸਨ ਪਰ ਮਾਤ ਭਾਸ਼ਾ, ਸਿੱਖਿਆ ਪ੍ਰਣਾਲੀ, ਲਿਪੀ ਆਦਿ ਵਾਰੇ ਉਨ੍ਹਾਂ ਦੇ ਵਿਚਾਰ ਸਿੱਖਿਆ ਸ਼ਾਸਤਰੀਆਂ ਲਈ ਚਣੋਤੀ ਬਣ ਗਏ। ਸਰਵੱਗ ਮਹਾਵੀਰ ਦੀ ਦ੍ਰਿਸ਼ਟੀ ਭਰਪੂਰਤਾ ਇਸ ਤੋਂ ਜ਼ਿਆਦਾ ਤੱਤਵ ਵਾਲੀ ਅਤੇ ਇਸ ਤੋਂ ਜ਼ਿਆਦ ਡੂੰਗੀ ਸੀ।

ਵਸਤੂ ਸਵਰੂਪ ਦੀ ਮਹਾਵੀਰ ਦੀ ਧਾਰਨਾ ਦਾ, ਉਨ੍ਹਾਂ ਦੇ ਚੇਲੇ ਆਚਾਰਿਆਵਾਂ ਨੇ ਸੁੰਦਰ ਵਿਵੇਚਨ ਕੀਤਾ ਹੈ। ਉਸ ਵਿਵੇਚਨ ਦਾ ਸਾਰ ਹੈ ਕਿ:

- ਵਸਤੂ ਦੇ ਅਨੇਕ ਗੁਣ ਹਨ, ਜਿਵੇਂ ਚੇਤਨ ਵਸਤੂ (ਜੀਵ / ਆਤਮਾ) ਵਿੱਚ ਗਿਆਨ (ਪਰ - ਸੰਵੇਦਨ / ਬਾਹਰਲੇ ਪਦਾਰਥਾਂ ਨੂੰ ਜਾਣਨ ਦੀ ਸ਼ਕਤੀ) ਦਰਸ਼ਨ (ਸਵੈ ਸੰਵੇਦਨ / ਆਤਮ ਚੇਤਨਾ) ਸੁਖ ਆਦਿ ਅਤੇ ਅਚੇਤਨ ਦੇ ਤਹਿਤ ਪੁਦਗਲ ਵਸਤੂ ਵਿੱਚ ਰੂਪ, ਰਸ, ਗੰਧ ਆਦਿ।
- ਸੰਸਾਰ ਵਿੱਚ ਮਾਜੁਦ ਵਸਤੂਆਂ ਦੇ ਪੱਖੋਂ ਕਾਰਨ ਵਸਤੂ ਦੇ ਅਨੰਤ, ਅੰਤ ਜਾਂ ਧਰਮ ਜਾਂ ਪਹਿਲੂ ਹਨ ਉਹ ਬਹੁਮੁੱਖੀ / ਬਹੁ ਆਯਾਮੀ ਹੈ। ਜੇ ਇਕ ਵਿਅਕਤੀ ਪਿਤਾ ਦੇ ਪੱਖੋਂ ਪੁੱਤਰ ਹੈ ਤਾਂ ਪੁੱਤਰ ਦੇ ਪੱਖੋਂ ਉਹ ਪਿਤਾ ਵੀ ਹੈ। ਜਿਸ ਨੂੰ ਅਸੀਂ ਪਿਤਾ ਆਖ ਰਹੇ ਹਾਂ ਉਹ ਆਪਣੀ ਭੈਣ ਦੇ ਪੱਖੋਂ ਭਾਈ ਵੀ ਹੈ ਕਿ ਅਸੀਂ ਆਖਾਗੇ ਕਿ ਭੈਣ ਰਾਹੀਂ ਪ੍ਰਯੋਗ ਭਾਈ ਸ਼ਬਦ ਦਾ ਸੰਬੋਧਨ ਠੀਕ ਨਹੀਂ ਹੈ? ਵਿਰੋਧੀ ਦ੍ਰਿਸ਼ਟੀਕੋਣ ਤੋਂ ਵਸਤੂ

ਵਿੱਚ ਜੋ ਧਰਮ ਵਿਖਾਈ ਦੇ ਰਹੇ ਹਨ, ਉਹ ਵਸਤੂ ਵਿੱਚ ਵੀ ਹਨ। ਝਗੜਾ ਵਸਤੂ ਵਿੱਚ ਨਹੀਂ ਸਗੋਂ ਵੇਖਣ ਵਾਲੀਆਂ ਦੀ ਦ੍ਰਿਸ਼ਟੀ ਦਾ ਹੈ। ਅਸੀਂ ਇਹ ਕਿਵੇਂ ਆਖ ਸਕਦੇ ਹਾਂ ਕਿ ਜੋ ਸਾਨੂੰ ਵਿਖਾਈ ਦਿੰਦਾ ਹੈ ਉਹ ਹੀ ਸਹੀ ਹੈ? ਦੂਸਰੇ ਦੀ ਦ੍ਰਿਸ਼ਟੀ ਦਾ ਤਿਰਸਕਾਰ ਅਤੇ ਅਪਣੀ ਦ੍ਰਿਸ਼ਟੀ ਦਾ ਹੰਕਾਰ ਵਸਤੂ ਸਵਰੂਪ ਦੀ ਨਾ ਸਮਝੀ ਕਾਰਨ ਹੀ ਸਾਡੇ ਅੰਦਰ ਪੈਦਾ ਹੁੰਦਾ ਹੈ। ਇਸੇ ਲਈ ਮਹਾਵੀਰ ਵਿਰੋਧੀ ਵਿਚਾਰਾਂ ਅਤੇ ਦ੍ਰਿਸ਼ਟੀਆਂ ਦੇ ਲਈ ਇਕ ਸਹਿਨਸ਼ੀਲਤਾ ਪੂਰਵਕ ਹਾਸ਼ਿਆ ਛੱਡਣ ਅਤੇ ਅਨੇਕਾਂਤ ਦ੍ਰਿਸ਼ਟੀ ਦੀ ਵਕਾਲਤ ਕਰਦੇ ਸਨ। ਇਹ ਬਹੁਤਾਤ ਅਤੇ ਭਿੰਨਤਾ ਨੂੰ ਕਬੂਲ ਕਰ ਲੈਣ ਜਿਹਾ ਹੈ। ਇਸ ਖੋਜ ਨੂੰ ਇਨਾਂ ਅਧਾਰ ਭੂਤ ਮੰਨਿਆ ਗਿਆ ਕਿ ਬਾਅਦ ਦੇ ਸਮੇਂ ਵਿੱਚ ਮਹਾਵੀਰ ਦੇ ਸੰਪੂਰਨ ਚਿੰਤਨ ਅਤੇ ਦਰਸ਼ਨ ਨੂੰ ਅਨੇਕਾਂਤ ਵਾਦ ਨਾਂ ਦੇ ਨਾਲ ਜਾਣਿਆ ਗਿਆ।

- ਵਸਤੂ ਉਤਪਾਦ, ਵਿਆਏ, ਅਤੇ ਧ੍ਰਵੋਯ ਵਾਲੀ ਹੈ, ਭਾਵ ਉਸ ਵਿੱਚ ਹਰ ਪਲ ਕੁੱਝ ਵੱਧਦਾ ਹੈ, ਹਰ ਪਲ ਕੁਝ ਘਟਦਾ ਰਹਿੰਦਾ ਹੈ। ਫੇਰ ਵੀ ਕੁੱਝ ਹੈ ਜੋ ਬਣਿਆ ਰਹਿੰਦਾ ਹੈ, ਨਵਾਂ ਪਾਣੀ ਆਉਣਾ ਅਤੇ ਪੁਰਾਨਾ ਵਹਿ ਕੇ ਅੱਗੇ ਨਿਕਲ ਜਾਣ ਨਾਲ ਨਦੀ ਹਰ ਪਲ ਬਦਲਦੀ ਹੈ। ਪਰ ਬਦਲਾਉ ਦੇ ਹਰ ਪਲ ਵਿੱਚ, ਉਹ ਉੱਥੇ ਦੀ ਉੱਥੇ ਹੀ ਰਹਿੰਦੀ ਹੈ। ਗੰਗਾ ਅੱਜ ਵੀ ਗੰਗਾ ਹੀ ਹੈ ਵਸਤੂ ਦੀ ਵਿਸ਼ੇਸਤਾ ਦੇ ਕਾਰਨ ਹੀ ਸੰਸਾਰ ਅਪਣੇ ਆਪ ਵਿੱਚ ਚਲਦਾ ਅਤੇ ਨਿਰੰਤਰ ਹੈ।
- ਵਸਤੂ ਗੁਣ ਪਰਿਆਯੇ ਵਾਲੀ ਹੈ, ਗੁਣ ਵਸਤੂ ਦੀ ਹੋਂਦ ਹੈ, ਉਸ ਦਾ ਜਾਤੀ ਤੱਤਵ ਹੈ, ਸਭ ਲਈ ਹੈ ਬਦਲਦਾ ਨਹੀਂ। ਤਿੰਨ ਕਾਲ ਵਾਲਾ ਹੈ, ਧਰੁਵ, ਨਿੱਤ, ਅਟਲ ਰਹਿੰਦਾ ਹੈ ਉਹ ਕਿਸੇ ਹੋਰ ਵਸਤੂ ਜਾਂ ਗੁਣ ਵਿੱਚ ਤਬਦੀਲ ਵੀ ਨਹੀਂ ਹੁੰਦਾ ਜੋ ਬਦਲਦਾ ਹੈ। ਭਾਵ ਉਤਪਾਦ ਵਿਆਯੇ ਦੇ ਨਿਸ਼ਾਨੇ ਤੇ ਰਹਿੰਦਾ ਹੈ। ਉਹ ਵਸਤੂ ਦੀ ਪਰਿਆਯੇ (ਅਵਸਥਾ) ਹੈ, ਪਰਿਆਯੇ ਵਿਸ਼ੇਸ ਅਤੇ ਸਮੇਂ ਤੇ ਹੁੰਦੀ ਹੈ, ਬਦਲਦੀ ਹੈ, ਦੁੱਧ ਦਾ ਦਹੀ ਹੋ ਜਾਣਾ ਪਰਿਆਯੇ ਦਾ ਬਦਲਣਾ ਹੈ। ਸੱਚ ਦਾ ਖਾਤਮਾ ਹੋਣਾ ਨਹੀਂ। ਵਸਤੂ ਸੁਤੰਤਰ ਹੈ ਉਹ ਅਪਣੇ ਪਰਿਣਾਮੀ ਸੁਭਾਵ / ਅਪਣੀ ਪਰੀਨਮਨ ਸ਼ੀਲਤਾ / ਅਪਣੀ ਸੁਭਾਵ ਪਰਿਵਰਤਨਸ਼ੀਲਤਾ ਦੇ ਕਾਰਨ ਪਹਿਲੇ ਪਰਿਆਯੇ ਛੱਡਦੀ ਅਤੇ ਬਾਅਦ ਵਾਲੇ ਪਰਿਆਯੇ ਗ੍ਰਹਿਣ ਕਰਦੀ

ਰਹਿੰਦੀ ਹੈ ਖੁਦ ਜ਼ਰੂਰ ਬਦਲੀ ਹੈ ਪਰ ਉਸ ਦੇ ਅਪਣੇ ਅਧਿਕਾਰ ਖੇਤਰ ਵਿੱਚ ਕਿਸੇ ਦਾ ਦਖਲ ਨਹੀਂ ਹੋ ਸਕਦਾ।

- ਵਸਤੂ ਕਿਸੇ ਦੀ ਵੀ ਮਲਕੀਅਤ ਨਹੀਂ ਹੈ ਉਹ ਕਿਸੇ ਦੀ ਮਾਲਕੀ ਵਿੱਚ ਨਹੀਂ ਹੈ। ਇਹ ਕਹਿਣਾ ਕੀ ਘੋੜਾ ਰਾਜੇ ਦਾ ਹੈ ਇਹ ਲੋਕਿਕ (ਦਨਿਆਵੀ) ਵਿਵਹਾਰ ਹੈ, ਅਸਲ ਵਿੱਚ ਤਾਂ ਘੋੜਾ ਖੁਦ ਘੋੜੇ ਦਾ ਹੀ ਹੈ, ਉਹ ਖੁਦ ਦਾ ਅਪਣਾ ਹੈ, ਹਿੰਦੀ ਭਾਸ਼ਾ ਦੀ ਇਸਤਰੀ ਕਵਿਤਾ ਵਿੱਚ ਸਮਾਜਿਕ ਵਿਚਾਰ ਦੀ ਜ਼ਮੀਨ ਤੋਂ ਉਠਿਆ ਇਹ ਬੁਨਿਆਦੀ ਸਵਾਲ ਕਿ ਮੈਂ ਕਿਸ ਦੀ ਔਰਤ ਹਾਂ? ਅਤੇ ਇਸ ਦਾ ਜਵਾਬ ਕਿ, "ਮੈਂ ਕਿਸੇ ਦੀ ਔਰਤ ਨਹੀਂ ਹਾਂ ਮੈਂ ਅਪਣੀ ਔਰਤ ਹਾਂ" (ਅਪਣੇ ਜੈਸਾ ਜੀਵਨ ਸਵਿਤਾ ਸਿੰਘ) ਮਹਾਵੀਰ ਦੇ ਚਿੰਤਨ ਦੇ ਅਨੁਕੂਲ ਹੈ।
- ਵਸਤੂ ਚਾਹੇ ਛੋਟੀ ਹੋਵੇ ਜਾਂ ਵੱਡੀ ਜੜ ਹੋਵੇ ਜਾਂ ਚੇਤਨ ਇੰਨੀ ਵਿਸ਼ਾਲ ਹੈ ਕਿ ਅਸੀਂ ਉਸ ਦੀ ਸੰਪੂਰਨਤਾ ਨੂੰ ਇਕੋ ਵੇਲੇ ਵੇਖ ਨਹੀਂ ਸਕਦੇ। ਆਈਸ ਵਰਗ (ਬਰਫ ਦੀ ਜੰਮੀ ਚਟਾਨ) ਪਾਣੀ ਦੀ ਸਤਾ ਜਿਨ੍ਹਾਂ ਵਿਖਾਈ ਦਿੰਦਾ ਹੈ, ਉਸ ਤੋਂ ਕੀਤੇ ਜ਼ਿਆਦਾ ਵੱਡਾ ਹੁੰਦਾ ਹੈ। ਉਸ ਦੀ ਜ਼ਿਆਦਾ ਹਿੱਸਾ ਸਤਾ ਦੇ ਹੇਠਾਂ ਰਹਿੰਦਾ ਹੈ। ਦ੍ਰਿਸ਼ ਆਕਾਰ ਦੇ ਆਧਾਰ ਤੇ ਉਸ ਨੂੰ ਟੱਕਰ ਮਾਰਨ ਵਾਲਾ ਜਹਾਜ਼ ਉਸ ਨਾਲ ਟਕਰਾ ਕੇ ਟੋਟੇ ਟੋਟੇ ਹੋ ਸਕਦਾ ਹੈ। ਇਹੋ ਹਾਲ ਸਾਰੀਆਂ ਵਸਤੂਆਂ ਦਾ ਹੈ। ਇਹ ਆਇਸ ਵਰਗ ਦੀ ਤਰ੍ਹਾਂ ਦਾ ਹੀ ਹੈ। ਅਸੀਂ ਸਾਰੀਆਂ ਨੇ ਸੁਣ ਰੱਖਿਆ ਹੈ ਕਿ "ਮੋਏ ਚਾਂਮ ਕੀ ਸਾਂਸੋ ਲੋਹੋ ਭਸਮ ਹੋਏ ਜਾਏ"

ਮਹਾਵੀਰ ਦੀ ਚਿੰਤਨ ਦੇ ਹਵਾਲੇ ਨਾਲ **ਸਿਆਦਵਾਦ** ਸ਼ਬਦ ਦਾ ਵੀ ਬਹੁਤ ਪ੍ਰਯੋਗ ਹੁੰਦਾ ਹੈ। ਪਰ ਸਿਆਦਵਾਦ ਵਸਤੂ ਦਾ ਸਵਰੂਪ ਨਹੀਂ ਹੈ, ਉਹ **ਅਨੇਕਾਂਤਵਾਦ** ਦੀ ਭਾਸ਼ਾ ਦਾ ਪ੍ਰਤੀਨਿਧੀ ਹੈ, ਵਿਚਾਰ ਦੇ ਖੇਤਰ ਵਿੱਚ ਜੋ ਅਨੇਕਾਂਤ ਹੈ, ਪ੍ਰਗਟ ਕਰਨ ਅਤੇ ਬੋਲਣ ਦੇ ਖੇਤਰ ਵਿੱਚ ਉਹ ਹੀ ਸਿਆਦਵਾਦ ਹੈ। ਦਰਅਸਲ ਵਸਤੂ ਨੂੰ ਅਸੀਂ ਜਿਨ੍ਹਾਂ ਵੀ ਵੇਖਦੇ ਤੇ ਜਾਣਦੇ ਹਾਂ ਉਸ ਦਾ ਵਰਨਣ ਉਸ ਤੋਂ ਵੀ ਘੱਟ ਕਰਦੇ ਹਾਂ। ਸਾਡੀ ਭਾਸ਼ਾ ਸਾਡੀ ਦ੍ਰਿਸ਼ਟੀ ਦੀ ਤੁਲਨਾ ਵਿੱਚ ਹੋਰ ਵੀ ਅਸਮਰਥ ਹੈ। ਉਹ ਵਸਤੂ ਦੀ ਹੋਂਦ ਨੂੰ ਉਸ ਦੀ ਸੰਪੂਰਨਤਾ ਵਿੱਚ ਪ੍ਰਗਟ ਨਹੀਂ ਕਰਦੀ। ਉਸ ਨੂੰ ਅਪੂਰਨ ਅਤੇ ਅਯਥਾਰਥ, ਰੂਪ ਵਿੱਚ ਹੀ ਪ੍ਰਗਟ ਕਰਦੀ ਹੈ, ਸਥੂਨਾ (ਖੰਬਾ) ਸ਼ਬਦ ਦੀ ਉੱਤਪਤੀ ਸਥਾ

(ਖੜਾ ਹੋਣਾ) ਧਾਤੂ ਤੋਂ ਹੋਈ ਹੈ। ਭਾਵ ਜੋ ਖੜਾ ਹੈ ਉਹ ਸਥੂਨਾ ਹੈ, ਬਹੁਤ ਪਹਿਲਾਂ ਨਿਰਯੁਕਤੀਕਾਰ ਯਾਸਕ ਨੇ ਤਰਕ ਦਿੱਤਾ ਸੀ ਕਿ ਜੇ ਖੰਬੇ ਨੂੰ ਖੜਾ ਹੋਣ ਕਾਰਨ ਸਥੂਨਾ ਕਿਹਾ ਜਾਂਦਾ ਹੈ, ਤਾਂ ਉਸ ਨੂੰ ਟੋਏ ਵਿੱਚ ਧਸਿਆ ਹੋਣ ਕਾਰਨ ਦਰਸ਼ਿਆ (ਟੋਏ ਵਿੱਚ ਧਸ਼ਿਆ ਹੋਇਆ) ਅਤੇ ਬੱਲੀਆਂ ਨੂੰ ਸੰਭਾਲਨ ਦੇ ਕਾਰਨ ਸੱਜਣੀ (ਬੱਲੀਆਂ ਨੂੰ ਸੰਭਾਲਣ ਵਾਲਾ) ਵੀ ਕਿਹਾ ਜਾਣਾ ਚਾਹਿਦਾ ਹੈ।

ਅੰਗ੍ਰੇਜ਼ੀ ਦਾ ਸ਼ਬਦ ਹੋਰਸ (Horse) ਲੈਟਿਨ ਦੇ Curro ਸ਼ਬਦ ਤੋਂ ਉੱਤਪਣ ਹੋਇਆ ਮੰਨਿਆ ਜਾਂਦਾ ਹੈ ਉਸ ਦਾ ਅਰਥ ਹੈ ਦੋੜਨਾ। ਦੋੜਨ ਵਾਲਾ ਹੋਣ ਦੇ ਕਾਰਨ ਹੀ ਉਸ ਘੋੜੇ ਨੂੰ ਹੋਰਸ ਕਿਹਾ ਗਿਆ ਹੈ। ਆਧੁਨਿਕ ਯੁੱਗ ਦੇ ਸ਼ਬਦ ਅਰਥ ਵਿਗਿਆਨੀ ਮਿਸ਼ੇਲ ਵਰਯਾਲ ਦਾ ਕਥਨ ਹੈ  ਕਿ ਜਦ ਹੋਰਸ ਅਰਾਮ ਕਰ ਰਿਹਾ ਹੋਵੇ, ਜ਼ਖਮੀ ਪਿਆ ਹੋਵੇ, ਮਰ ਗਿਆ ਹੋਵੇ, ਤੱਦ ਵੀ ਅਸੀਂ ਇਹ ਝੂਠ ਬੋਲਣ ਦੇ ਲਈ ਵੇਬਸ ਹਾਂ ਕਿ ਉਹ ਦੋੜਦਾ ਹੈ। ਪਾਤੰਜਲੀ ਨੇ ਭਾਸ਼ਾ ਦੀ ਅਸਮਰਥਤਾ ਨੂੰ ਬਿਆਨ ਕਰਦੇ ਹੋਏ ਦੱਧੀ (ਦਹੀ) ਸ਼ਬਦ ਦਾ ਉਦਾਹਰਣ ਦਿੱਤਾ ਹੈ ਉਹ ਆਖਦੇ ਹਨ ਦੱਧੀ ਦੇ ਕਈ ਭੇਦ ਹਨ: ਮੰਦਕ (ਘੱਟ ਜੰਮਿਆ ਹੋਇਆ) ਉਤਰਕ ਮਲਾਈ ਵਾਲਾ, ਨੀਲਨਿਕ (ਨਾ ਜੰਮਿਆ ਹੋਇਆ) ਆਦਿ। ਸਿਰਫ ਦਹੀਂ ਆਖਕੇ ਅਸੀਂ ਉਸ ਦੇ ਨਿਸ਼ਚਤ ਅਤੇ ਪੂਰਨ ਰੂਪ ਦਾ ਗਿਆਨ ਕਿੱਥੇ ਕਰ ਸਕਦੇ ਹਾਂ? ਭਾਸ਼ਾ ਦੀ ਅਸਮਰਥਤਾ ਨੂੰ ਸਵਿਕਾਰ ਕਰਨਾ ਸਿਆਦਵਾਦ ਤੱਕ ਪਹੁੰਚਨਾ ਹੈ।

**ਸਿਆਤ** ਸ਼ਬਦ **ਸਾਇਦ** ਦੇ ਅਰਥ ਵਿਚ ਨਹੀਂ ਹੈ, ਸਿਆਤ ਦਾ ਅਰਥ ਸਾਇਦ ਹੋਵੇ ਤਾਂ ਵਸਤੂ ਦੇ ਸਵਰੂਪ - ਕਥਨ ਵਿੱਚ ਨਿਸ਼ਚਿਤਤਾ ਨਹੀਂ ਰਹਿੰਦੀ। ਸਾਇਦ ਉਹ ਅਜਿਹਾ ਹੈ ਸਾਇਦ ਉਸ ਤਰ੍ਹਾਂ ਦਾ ਹੈ, ਇਹ ਤਾਂ ਬਗਲਾਂ ਝਾਕਣ ਦੀ ਤਰ੍ਹਾਂ ਹੀ ਹੈ। ਸੰਸਕ੍ਰਿਤ ਦਾ ਸਿਆਤ ਸ਼ਬਦ ਧਵਨੀ ਵਿਕਾਸ਼ ਦੀ ਪ੍ਰਕ੍ਰਿਆ ਵਿਚੋਂ ਗੁਜ਼ਰਦਾ ਹੋਇਆ ਪਾਲੀ, ਪ੍ਰਾਕ੍ਰਿਤ, ਭਾਸ਼ਾਵਾਂ ਵਿੱਚ **ਸਿਯਾ** ਬਣ ਗਿਆ ਹੈ ਅਤੇ ਇਨ੍ਹਾਂ ਭਾਸ਼ਾਵਾਂ ਵਿੱਚ ਇਹ ਵਸਤੂ ਦੇ ਨਿਸ਼ਚਤ ਭੇਦਾਂ ਅਤੇ ਪਹਿਲੂਆਂ ਦੇ ਹਵਾਲੇ ਨਾਲ ਪ੍ਰਯੋਗ ਹੋਇਆ ਮਿਲਦਾ ਹੈ। ਇਹ ਵਸਤੂ ਨੂੰ ਗੈਰ ਏਕਾਂਤ ਵਲ ਸੰਕੇਤ ਕਰਦਾ ਹੈ। ਕਿਸੇ ਵਸਤੂ ਦੇ ਧਰਮ (ਪੱਖ) ਕਥਨ ਦੇ

ਸਮੇਂ ਸਿਆਤ ਸ਼ਬਦ ਦਾ ਪ੍ਰਯੋਗ ਇਹ ਸੂਚਿਤ ਕਰਦਾ ਹੈ ਕਿ ਇਹ ਧਰਮ ਨਿਸ਼ਚੈ ਹੀ ਅਜਿਹਾ ਹੈ। ਪਰ ਹੋਰ ਪੱਖਾਂ ਨਾਲ ਸੰਬੰਧਤ ਵਸਤੂ ਦੇ ਨਿਸ਼ਚਤ ਰੂਪ ਨਾਲ ਹੋਰ ਧਰਮ ਵੀ ਹਨ। ਉਨ੍ਹਾਂ ਧਰਮਾਂ ਨੂੰ ਇੱਥੇ ਕਿਹਾ ਨਹੀਂ ਜਾ ਰਿਹਾ, ਕਿਉਂਕਿ ਸ਼ਬਦ ਸਾਰੇ ਧਰਮਾਂ ਵੱਲ ਸੰਕੇਤ ਨਹੀਂ ਕਰ ਸਕਦੇ। ਸਿਆਤ ਸ਼ਬਦ ਕੇਵਲ ਇਸ ਗੱਲ ਦਾ ਸੂਚਕ ਹੈ ਕਿ ਆਖਣ ਤੋਂ ਬਾਅਦ ਵੀ ਬਹੁਤ ਕੁਝ ਬਿਨ੍ਹਾ ਕਿਹਾ ਰਹਿ ਗਿਆ ਹੈ। ਵਸਤੂ ਦੇ ਹੋਰ ਵੀ ਧਰਮ ਹਨ, ਅਤੇ ਹੋਰ ਵੀ ਪਹਿਲੂ ਹਨ, ਪਰ ਇਸ ਸਮੇਂ ਲਈ ਸਾਡੀ ਦ੍ਰਿਸ਼ਟੀ ਇਕ ਖਾਸ ਕੌਣ ਤੇ ਟਿਕੇ ਹੋਣ ਕਾਰਨ ਸਾਨੂੰ ਉਹ ਵਿਖਾਈ ਨਹੀਂ ਦੇ ਰਹੇ ਅਤੇ ਜਦੋਂ ਉਹ ਵਿਖਾਈ ਨਹੀਂ ਦੇ ਰਹੇ ਤਾਂ ਉਨ੍ਹਾਂ ਨੂੰ ਪ੍ਰਗਟ ਕਿਵੇਂ ਕੀਤਾ ਜਾ ਸਕਦਾ ਹੈ? ਪਰ ਇਸ ਦਾ ਇਹ ਅਰਥ ਨਹੀਂ ਕਿ ਉਹ ਮੌਜੂਦ ਨਹੀਂ ਹਨ।

ਇਸ ਪ੍ਰਕਾਰ ਸਿਆਦਵਾਦ ਸੰਭਾਵਨਾ, ਅਨਿਸ਼ਚਿਤਤਾ, ਭਰਮ ਆਦਿ ਦਾ ਪ੍ਰਤੀਕ ਨਹੀਂ, ਸਗੋਂ ਨਿਸ਼ਚਤ ਅਤੇ ਸੱਚ ਦਾ ਪ੍ਰਤੀਕ ਹੈ। ਮਹਾਵੀਰ ਦੇ ਸਿਆਦਵਾਦ, ਅਹਿੰਸਾ, ਅਪਰਿਗ੍ਰਹਿ ਆਦਿ ਵੀ ਸਾਰੀਆਂ ਧਾਰਨਾਵਾਂ ਅਨੇਕਾਂਤ ਦੀ ਨੀਂਹ ‘ਤੇ ਹੀ ਖੜ੍ਹੀਆਂ ਹਨ। ਵਿਚਾਰ ਵਿਚ ਅਨੇਕਾਂਤ ਹੈ ਉਹ ਹੀ ਬਾਣੀ ਵਿੱਚ ਸਿਆਦਵਾਦ ਹੈ। ਵਿਚਾਰ ਵਿੱਚ ਅਹਿੰਸਾ ਹੈ ਅਤੇ ਸਮਾਜ ਦੀ ਵਿਵਸਥਾ ਵਿੱਚ ਅਪਰਿਗ੍ਰਹਿ ਹੈ। ਮਹਾਵੀਰ ਅਨੇਕਾਂਤ ਦੇ ਰਾਹੀਂ ਹੀ ਮਨੁੱਖ ਅਤੇ ਸਮਾਜ ਦੇ ਲਈ ਕਸ਼ਟ ਰਹਿਤ, ਸਮਾਨਤਾ ਵਾਲਾ, ਸ਼ਾਂਤ ਅਤੇ ਕਸ਼ਟ ਰਹਿਤ ਜੀਵਨ ਤਲਾਸ਼ਨਾ ਚਾਹੁੰਦੇ ਹਨ। ਉਹਨਾਂ ਦੀ ਇਹ ਚਿੰਤਾ ਅਤੇ ਪੀੜ ਸਿਰਫ ਮਨੁਖ ਦੇ ਲਈ ਹੀ ਨਹੀਂ ਸਗੋਂ ਸਾਰੇ ਜੀਵ ਅਤੇ ਅਜੀਵਾਂ ਦੇ ਲਈ ਵੀ ਹੈ। ਇਕ ਅਜਿਹੇ ਯੁੱਗ ਵਿੱਚ ਜਿਸ ਵਿੱਚ ਮਨੁੱਖ ਮਨੁੱਖ ਦੇ ਵਿਚਕਾਰ ਵੀ ਸਮਾਨਤਾ ਦੀ ਗਲ ਸੋਚਨਾ ਸੰਭਵ ਨਹੀਂ ਸੀ। ਮਹਾਵੀਰ ਨੇ ਸਾਰੇ ਪਦਾਰਥਾਂ ਨੂੰ ਸਮਾਨ ਰੂਪ ਨਾਲ ਵਿਰਾਟ ਅਤੇ ਸੁਤੰਤਰ ਘੋਸ਼ਿਤ ਕੀਤਾ। ਉਨ੍ਹਾਂ ਨੇ ਅਪਣੀ ਘੋਸ਼ਨਾ ਨੂੰ ਕਾਰਜ ਰੂਪ ਦਿੰਦੇ ਹੋਏ ਅਪਣੇ ਚੱਤੂਰ ਵਿਧੀ (ਚਾਰ ਪ੍ਰਕਾਰ) ਸੰਘ ਵਿੱਚ ਵੀ ਸਾਰੇ ਵਰਗਾਂ ਅਤੇ ਨਸਲਾ ਦੇ ਇਸਤਰੀ ਪੁਰਸ਼ਾਂ ਨੂੰ ਸਮਾਨਤਾ ਨਾਲ ਸਵਿਕਾਰ ਕੀਤਾ। ਉਨ੍ਹਾਂ ਅਨੇਕ ਗੁਣ, ਅਨੰਤ ਧਰਮ, ਉਤਪਾਦ, ਵਿਆਯੇ, ਧ੍ਰੋਵੱਯ ਵਾਲਾ, ਅਜ਼ਾਦ, ਆਤਮ ਨਿਰਭਰ ਅਤੇ ਵਿਸ਼ਾਲ ਜੜ, ਚੇਤਨ ਵਸਤੂਆਂ

ਦੇ ਨਾਲ ਸਾਡਾ ਵਰਤਾਉ ਕੀ ਹੋਵੇ ਇਹ ਮਹਾਵੀਰ ਦੀ ਬੁਨਿਆਦੀ ਚਿੰਤਾ ਅਤੇ ਉਨ੍ਹਾਂ ਦੇ ਫਲਸਫੇ ਦਾ ਸਾਰ ਹੈ।

ਮਹਾਵੀਰ ਨੇ ਸਿਰਫ ਵਸਤੂ ਨੂੰ ਉਪਾਦਾਨ ਅਤੇ ਨਿਮਿਤ ਦੀ ਭੂਮਿਕਾ ਦੇ ਕੇ ਇਸ ਸਲੂਕ ਦਾ ਵਰਨਣ ਕੀਤਾ ਹੈ, ਉਹ ਆਖਦੇ ਹਨ, ਵਸਤੂ ਅਪਣੇ ਆਪ ਅਪਣੇ ਵਿਕਾਸ਼ ਜਾਂ ਵਿਨਾਸ਼ ਦਾ ਮੂਲ ਕਾਰਨ ਜਾਂ ਆਧਾਰ ਸਮਗਰੀ ਜਾਂ ਉਪਾਦਾਨ ਹੈ। ਉਪਾਦਾਨ ਕਾਰਨ ਖੁਦ ਕਾਰਜ ਵਿੱਚ ਬਦਲਦਾ ਹੈ ਘੜਾ ਬਨਣ ਵਿੱਚ ਮਿੱਟੀ ਉਪਾਦਾਨ ਹੈ। ਉਹ ਮਿੱਟੀ ਹੀ ਹੈ ਜੋ ਘੜੇ ਵਿੱਚ ਬਦਲਦੀ ਹੈ। ਉਪਾਦਾਨ ਸਵੈ ਦ੍ਰਵ ਹੈ ਅੰਦਰਲਾ ਰੰਗ ਹੈ, ਖੁਦ ਦੀ ਤਾਕਤ ਹੈ, ਇਹ ਵਸਤੂ ਦੀ ਸਹਿ ਸ਼ਕਤੀ ਹੈ, ਨਮਿਤ ਪਰਦ੍ਰਵ ਹੈ, ਬਾਹਰਲਾ ਰੰਗ ਹੈ, ਪਰ - ਸੰਜੋਗ ਅਤੇ ਦੂਸਰੇ ਦੀ ਤਾਕਤ ਹੈ, ਨਮਿਤ ਘੁਮਾਰ ਦੀ ਤਰ੍ਹਾਂ ਸਹਿਕਾਰੀ ਕਾਰਨ ਹੈ, ਨਮਿਤ ਦੇ ਬਿਨ੍ਹਾਂ ਕੰਮ ਨਹੀਂ ਹੁੰਦਾ ਪ੍ਰੰਤੂ ਇੱਕਲੇ ਉਸ ਦੇ ਜੋਰ ਤੋਂ ਵੀ ਕੋਈ ਕੰਮ ਨਹੀਂ ਹੁੰਦਾ। ਹਰ ਕੰਮ ਵਸਤੂ ਖੁਦ ਅਪਣਾ ਉਪਾਦਾਨ ਹੈ। ਸਭ ਨੇ ਅਪਣੇ ਪੈਰਾਂ ਨਾਲ ਚੱਲਣਾ ਹੈ, ਯਾਨੀ ਸਾਡਾ ਮਦਦਗਾਰ ਕਿੰਨਾ ਹੀ ਅਪਣਾ ਛੋਟਾ ਜਾਂ ਵੱਡਾ ਕਿਉਂ ਨਾ ਹੋਵੇ ਉਹ ਸਾਡੇ ਲਈ ਉਪਾਦਾਨ ਨਹੀਂ ਬਣ ਸਕਦਾ, ਸੂਤਰਕ੍ਰਿਤਾਂਗ (1/4/13) ਵਿੱਚ ਮਹਾਵੀਰ ਨੇ ਕਿਹਾ ਹੈ ਸੂਰਜ ਦੇ ਪ੍ਰਗਟ ਹੋਣ ਤੇ ਵੀ ਵੇਖਣਾ ਤਾਂ ਅੱਖ ਨੂੰ ਹੀ ਪੈਂਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਅਸੀਂ ਇਕ ਦੂਸਰੇ ਦੇ ਲਈ ਉਪਾਦਾਨ ਨਹੀਂ ਬਣ ਸਕਦੇ ਤਾਂ ਕਿ ਅਸੀਂ ਕੇਵਲ ਮੂਕ ਦਰਸ਼ਕ ਹਾਂ? ਜੇ ਇਕ ਵਸਤੂ ਦਾ ਦੂਸਰੀ ਵਸਤੂ ਨਾਲ ਕੋਈ ਸਰੋਕਾਰ ਨਹੀਂ ਹੈ ਤਾਂ ਇਹ ਸਭ ਤਾਂ ਅਪਣੀ ਅੱਡ - ਅੱਡ ਖਿਚੜੀ ਪਕਾਉਣਾ ਹੋਇਆ। ਮਹਾਵੀਰ ਕਿ ਇਸ ਅੱਡ ਖਿਚੜੀ ਪਕਾਉਣ ਦਾ ਉਪਦੇਸ਼ ਦਿੰਦੇ ਹਨ? ਦਰਅਸਲ ਮਹਾਵੀਰ ਦੇ ਚਿੰਤਨ ਦੀ ਇਹ ਮਨੋ ਦਿਸ਼ਾ ਨਹੀਂ ਹੈ, ਉਹ ਸਾਡੇ ਵੱਖਰੇ ਪਨ ਨੂੰ ਸਵਿਕਾਰ ਕਰਦੇ ਹੋਏ ਵੀ ਸੰਸਾਰ ਦੇ ਪਦਾਰਥਾਂ ਨਾਲ ਸਾਡਾ ਡੂੰਗਾ ਰਿਸ਼ਤਾ ਸਵਿਕਾਰ ਕਰਦੇ ਹਨ। ਉਨ੍ਹਾਂ ਦਾ ਆਖਣਾ ਹੈ ਦੂਸਰੇ ਲਈ ਅਸੀਂ ਉਪਾਦਾਨ ਨਹੀਂ ਬਣ ਸਕਦੇ, ਪਰ ਨਮਿਤ ਬਣ ਸਕਦੇ ਹਾਂ। ਬੱਚੇ ਨੂੰ ਪੜ੍ਹਾਈ ਦਾ ਮਾਹੋਲ ਤਾਂ ਦੇ ਸਕਦੇ ਹਾਂ, ਸਾਡੀ ਭੂਮਿਕਾ ਅਪਣੇ ਲਈ ਉਪਾਦਾਨ ਅਤੇ ਦੂਸਰੇ ਦੇ ਲਈ ਨਮਿਤ ਦੀ ਹੈ।

ਮਹਾਵੀਰ ਰਾਹੀਂ ਦਿੱਤਾ ਗਿਆ ਇਸ ਸੂਖਮ ਜੀਵਨ ਸੂਤਰ ਹੀ ਨਹੀਂ ਸਗੋਂ ਜਿੰਦਗੀ ਜਿਉਣ ਦਾ ਮੋਟਾ ਵਿਵਹਾਰ ਸੂਤਰ ਵੀ ਹੈ।

ਦੂਸਰੇ ਦੇ ਲਈ ਉਪਾਦਾਨ ਬਣਨ ਦੀ ਕੋਸ਼ਿਸ ਇਕ ਪ੍ਰਕਾਰ ਦੀ ਹਿੰਸਾ ਹੈ। ਅੱਜ ਸਾਡੇ ਘਰਾਂ, ਅਦਾਰਿਆ, ਦਫਤਰਾਂ ਵਿੱਚ ਜੋ ਅਸ਼ਾਂਤੀ ਤੇ ਵਿਖਰਾਉ ਹੈ ਉਸ ਦਾ ਸਭ ਤੋਂ ਵੱਡਾ ਕਾਰਨ ਇਹ ਹਿੰਸਾ ਹੀ ਹੈ। ਖ਼ਲੀਲ ਜ਼ਿਵਰਾਨ ਅਪਣੀ ਪ੍ਰੋਫਿਟ ਕਵਿਤਾ ਵਿੱਚ ਜਿਵੇਂ ਮਹਾਵੀਰ ਦੀ ਸੋਚ ਨੂੰ ਪ੍ਰਗਟ ਕਰਦੇ ਹੋਏ ਆਖਦੇ ਹਨ, ਬੱਚੇ ਸਾਡੇ ਵਿੱਚੋਂ ਹਨ ਸਾਡੇ ਲਈ ਨਹੀਂ ਹਨ, ਪਰ ਕਿੰਨੇ ਮਾਂ ਬਾਪ ਅਜਿਹਾ ਸੋਚਦੇ ਹਨ? ਜ਼ਿਆਦਾ ਤਾਂ ਇਹ ਹੀ ਚਾਹੁੰਦੇ ਅਤੇ ਕੋਸ਼ਿਸ ਕਰਦੇ ਹਨ ਕਿ ਉਨ੍ਹਾਂ ਦੇ ਬੱਚੇ ਉਹ ਹੀ ਕਰਨ, ਉਹ ਹੀ ਬਣਨ ਜੋ ਉਹ ਉਨ੍ਹਾਂ ਤੋਂ ਕਰਵਾਉਣਾ ਅਤੇ ਬਣਾਉਨਾ ਚਾਹੁੰਦੇ ਹਨ। ਉਹ ਹਮੇਸ਼ਾ ਉਨ੍ਹਾਂ ਦੇ ਦੱਸ / ਬਣਾਏ ਰਸਤੇ ‘ਤੇ ਚੱਲਦੇ ਰਹਿਣ।

ਦੂਸਰੇ ਦੇ ਲਈ ਉਪਾਦਾਨ ਬਣਨ ਦੀ ਕੋਸ਼ਿਸ ਨਾ ਕਰਕੇ ਅਸੀਂ ਉਨ੍ਹਾਂ ਤੇ ਅਹਿਸਾਨ ਕਰਦੇ ਹਾਂ? ਅਹਿਸਾਨ ਜਾਂ ਦਿਆ ਦਾ ਪ੍ਰਸ਼ਨ ਨਹੀਂ ਹੈ, ਇਹ ਤਾਂ ਉਨ੍ਹਾਂ ਨੂੰ ਦੀ ਜੋ ਪ੍ਰਾਪਤੀ ਹੈ, ਅਸੀਂ ਦੂਸਰੇ ਦੀ ਹਿੰਸਾ ਨਹੀਂ ਕਰਦੇ ਤਾਂ ਦੂਸਰੇ ਤੇ ਇਹ ਸਾਡੀ ਦਿਆ ਨਹੀਂ ਹੈ, ਦਿਆ ਭਾਵ ਜਾਂ ਕ੍ਰਿਪਾਲਤਾ ਨਾਲ ਤਾਂ ਮਹਾਵੀਰ ਦੀ ਯਾਤਰਾ ਸ਼ੁਰੂ ਹੀ ਨਹੀਂ ਹੋਈ, ਇਹ ਦੂਸਰੇ ਦਾ ਹੱਕ ਹੈ ਜੋ ਅਸੀਂ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਪ੍ਰਵੇਸ਼ ਨਾ ਕਰੀਏ ਇਹ ਸਾਡਾ ਹੱਕ ਹੈ ਕਿ ਅਸੀਂ ਅਪਣੇ ਅਧਿਕਾਰ ਖੇਤਰ ਤੇ ਉਹ ਵੀ ਸਾਡੇ ਅਧਿਕਾਰ ਖੇਤਰ ਵਿੱਚ ਪ੍ਰਵੇਸ਼ ਨਾ ਕਰਨ ਇਹ ਆਪਸੀ ਸਾਂਝ ਹੈ ਇਸ ਵਿੱਚ ਅਹਿਸਾਨ ਕਿਵੇਂ?

ਚੰਗਾ ਅਸੀਂ ਦੂਸਰੇ ਦੇ ਲਈ ਜੋ ਨਮਿਤ ਬਣਦੇ ਹਾਂ ਉਹ ਤਾਂ ਉਨ੍ਹਾਂ ਪ੍ਰਤੀ ਸਾਡੀ ਦਿਆ ਹੈ ਨਾ? ਦਰਅਸਲ ਮਹਾਵੀਰ ਦਿਆ ਪੱਖੋਂ ਸਾਡੇ ਤੋਂ ਕੁਝ ਚਾਹੁੰਦੇ ਹੀ ਨਹੀਂ ਚਾਹੁਣਗੇ ਵੀ ਕਿਉਂ? ਦਿਆ ਵਿਖਾਉਣ ਦੀ ਸਾਡੀ ਹੈਸਿਅਤ ਤੇ ਉਹ ਪਹਿਲਾਂ ਹੀ ਪ੍ਰਸ਼ਨ ਚਿੰਨ੍ਹ ਲਗਾ ਚੁਕੇ ਹਨ। ਅਸੀਂ ਹੁੰਦੇ ਕੌਣ ਹਾਂ ਵਿਰਾਟ ਸੱਤਾ / ਵਸਤੂ ‘ਤੇ ਦਿਆ ਵਿਖਉਣ ਵਾਲੇ? ਜੇ ਅਸੀਂ ਕੀੜੀ ਦੇ ਵਿਕਾਸ਼ ਵਿੱਚ ਨਮਿਤ ਹਾਂ ਤਾਂ ਕਿ ਪਤਾ ਕੱਲ ਕੀੜੀ ਸਾਡੇ ਵਿਕਾਸ਼ ਵਿੱਚ ਨਮਿਤ ਬਣ ਜਾਵੇ। ਦਰਅਸਲ ਇਕ ਦੂਸਰੇ ਦੀ ਸੋਈ ਹੋਈ ਸ਼ਕਤੀ ਨੂੰ ਜਗਾਉਣ ਵਿੱਚ ਨਮਿਤ

ਬਣਨ ਦੀ ਪ੍ਰਕ੍ਰਿਤੀ ਦ੍ਰਵ ਮਾਤਰ ਦੀ ਹੈ। ਮਹਾਵੀਰ ਦੇ ਮਤ ਨੂੰ ਪਹਿਲੀ ਸਦੀ ਈ. ਪੂ. ਦੇ ਅਚਾਰਿਆ ਉਮਾਸਵਾਮੀ / ਉਮਾਸਵਾਤੀ ਨੇ ਪੇਸ਼ ਕੀਤਾ ਹੈ, ਜੀਵਾਂ ਦਾ ਆਪਸੀ ਉਪਕਾਰ ਨਮਿਤ ਹੈ, ਜਾਹਰ ਹੈ ਇਕ ਦੂਸਰੇ ਦੀਆਂ ਸੰਭਾਵਨਾਵਾਂ ਨੂੰ ਜਗਾਉਣਾ / ਸਾਕਾਰ ਕਰਨ ਵਿੱਚ ਬਾਹਰਲੇ ਸੰਜੋਗ ਰੂਪ ਕਾਰਨ ਦੇ ਰੂਪ ਵਿੱਚ ਸਭ ਦੀ ਅਪਣੀ ਤੈ ਸ਼ੁਦਾ ਭੂਮਿਕਾ ਹੈ। ਇਹ ਹੀ ਵਿਚਾਰ ਜਿਉ ਅਤੇ ਜਿਉਣ ਦੇਵੋ ਜਿਹੇ ਸਰਲ ਸ਼ਬਦਾਂ ਵਿੱਚ ਢੱਲਕੇ ਸਦੀਆਂ ਤੱਕ ਸਾਡੇ ਲੋਕ ਜੀਵਨ ਦੇ ਗਲੇ ਦਾ ਹਾਰ ਬਣਿਆ ਹੋਇਆ ਹੈ। ਹਰ ਯੁੱਧ ਤੋਂ ਬਾਅਦ ਥੱਕੀ ਹਾਰੀ ਮਨੁੱਖ ਜਾਤੀ ਅਪਣੀ ਹਾਰ ਵਿੱਚ ਹੀ ਨਹੀਂ ਅਪਣੀ ਜਿੱਤ ਵਿੱਚ ਵੀ ਜਖਮੀ ਦੇਹ ਅਤੇ ਹੱਥ ਵਿੱਚ ਟੁਟਿਆ ਹੋਇਆ ਪਹਿਆ ਲੈ ਕੇ ਇਸੇ ਦੀ ਸ਼ਰਨ ਵਿੱਚ ਪਹੁੰਚਦੀ ਹੈ, ਕਾਸ਼! ਅਸੀਂ ਪੱਕੇ ਰੂਪ ਵਿੱਚ ਸਮਝ ਸਕਦੇ ਕਿ ਸੱਚ ਸਾਡੇ ਅਪਣੇ ਅਪਣੇ ਪੱਖ ਤੋਂ ਜ਼ਿਆਦਾ ਵੱਡਾ ਹੁੰਦਾ ਹੈ। ਮਹਾਵੀਰ ਸਿਰਫ ਮੁਕਤੀ ਦੇ ਹੀ ਨਹੀਂ ਜੀਵਨ ਦੇ ਵੀ ਪੈਰੋਕਾਰ ਹਨ। ਉਨ੍ਹਾ ਦਾ ਚਿੰਤਨ ਹਰ ਪ੍ਰਾਣੀ ਦੇ ਜੀਵਨ ਨੂੰ ਬਚਾਉਣਾ ਚਾਹੁੰਦਾ ਹੈ।

ਜੇ ਅਸੀਂ ਦੂਸਰੇ ਦੇ ਲਈ ਨਮਿਤ ਨਾ ਬਣੇ, ਤਾਂ ਇਹ ਸਾਡੀ ਅਪਣੀ ਅੱਧੀ ਭੂਮਿਕਾ ਦੇ ਨਾਲ ਬੇਇਨਸਾਫੀ ਹੋਵੇਗੀ। ਸਾਡੀ ਭੂਮਿਕਾ ਅਪਣੇ ਲਈ ਉਪਾਦਾਨ ਅਤੇ ਦੂਸਰੇ ਦੇ ਲਈ ਨਮਿਤ ਦੀ ਹੈ। ਇਸ ਲਈ ਦੂਸਰੇ ਦੇ ਲਈ ਅਸੀਂ ਨਮਿਤ ਨਾ ਬਣਕੇ ਅਪਣਾ ਹੀ ਨੁਕਸਾਨ ਕਰਦੇ ਹਾਂ, ਅੱਗੇ ਚੱਲਕੇ ਕਬੀਰ ਨੇ ਵੀ ਕਿਹਾ ਹੈ ਕਿ ਖੁਦ ਦੀ ਧੂਲਾਈ ਲਈ, ਸਫਾਈ ਲਈ, ਧੰਦੇ ਵਿੱਚ ਪੈਣਾ ਜ਼ਰੂਰੀ ਹੈ।

ਅਸੀਂ ਨਮਿਤ ਨਾ ਬਣੇ ਤਾਂ ਦੂਸਰੇ ਦਾ ਕਿ ਬਿਗੜੇਗਾ? ਖਾਸ ਕੁਝ ਨਹੀਂ। ਅਸੀਂ ਨਮਿਤ ਨਹੀਂ ਬਣਾਂਗੇ ਤਾਂ ਕੋਈ ਹੋਰ ਬਣੇਗਾ? ਉੱਨਤੀ ਦੀਆ ਪੌੜੀਆਂ ਚੜ੍ਹਨ ਦੇ ਲਈ ਸੰਕਲਪ ਭਰਿਆ ਉਪਾਦਾਨ ਸੱਤਾ ਦੇ ਨਮਿਤ ਨੂੰ, ਸਹਾਇਕ ਕਾਰਨਾਂ ਨੂੰ ਯੋਗ ਹਾਲਤਾ ਨੂੰ ਉਸ ਦੀ ਉੱਨਤੀ ਦੇ ਲਈ ਅੱਗੇ ਆਉਣਾ ਹੀ ਪੈਂਦਾ ਹੈ। ਮਹਾਤਮਾ ਗਾਂਧੀ ਕਿਹਾ ਕਰਦੇ ਸਨ, ਭਾਰਤ ਨੇ ਅਜ਼ਾਦ ਹੋਣਾ ਹੈ ਮੈਂ ਨਮਿਤ ਨਹੀਂ ਬਣਾਗਾ ਤਾਂ ਕੋਈ ਹੋਰ ਬਣੇਗਾ। ਦਰਅਸਲ ਅੱਜ ਵੀ ਜਦ ਕਿਸੇ ਕਵਿਤਾ ਵਿੱਚ ਕਿਹਾ ਜਾਂਦਾ ਹੈ, ਹਨੇਰੇ ਵਿੱਚ ਮਾਚਿਸ, ਤਲਾਸਦਾ ਹੋਇਆ

ਹੱਥ / ਹਨੇਰੇ ਵਿੱਚ ਹੁੰਦੇ ਹੋਏ ਵੀ / ਹਨੇਰੇ ਵਿੱਚ ਨਹੀਂ ਹੁੰਦਾ, ਤਾਂ ਤਹਿ ਤੋਂ ਉੱਪਰ ਉਠਦੀ ਹੋਈ ਉਪਾਦਾਨ ਸੱਤਾ ਅਤੇ ਛੁਪੀ ਹੋਈ ਤਾਕਤ ਅਤੇ ਅਪਾਰ ਸੰਭਾਵਨਾ ਤੇ ਹੀ ਅਸੀਂ ਅਪਣਾ ਡੂੰਗਾ ਵਿਸ਼ਵਾਸ ਪ੍ਰਗਟ ਕਰਦੇ ਹਾਂ।

ਦੂਸਰੇ ਦੇ ਲਈ ਅਸੀਂ ਉਪਾਦਾਨ ਦੀ ਭੂਮਿਕਾ ਨਾ ਦੇ ਕੇ ਮਹਾਵੀਰ ਸਾਨੂੰ ਹੰਕਾਰ ਤੋਂ ਬਚਾਉਂਦੇ ਹਨ। ਪਰ ਦੂਸਰੇ ਦੇ ਲਈ ਨਮਿਤ ਦੀ ਭੂਮਿਕਾ ਸੰਭਾਲ ਕੇ, ਉਹ ਸਾਨੂੰ ਤੁਛਤਾ ਦੇ ਗਿਆਨ ਤੋਂ ਬਚਾ ਲੈਂਦੇ ਹਨ। ਇਕ ਦ੍ਰਿਸ਼ਟੀ ਤੋਂ ਅਸੀਂ ਕੁਝ ਵੀ ਨਹੀਂ ਹਾਂ, ਪਰ ਦੂਸਰੀ ਦ੍ਰਿਸ਼ਟੀ ਤੋਂ ਕੁਝ ਹਾਂ ਵੀ, ਇਕ ਦ੍ਰਿਸ਼ਟੀ ਤੋਂ ਅਸੀਂ ਵੱਖ ਹਾਂ, ਅਪਣੇ ਕਮਰੇ ਤੱਕ ਸੀਮਤ ਹਾਂ ਪਰ ਦੂਸਰੀ ਦ੍ਰਿਸ਼ਟੀ ਤੋਂ ਅਸੀਂ ਹੋਰਾਂ ਨਾਲ ਜੁੜੇ ਹੋਏ ਹਾਂ। ਸਾਡੇ ਕਮਰੇ ਦੇ ਦਰਵਾਜੇ ਦੂਸਰੀਆਂ ਦੇ ਕਮਰੇ ਵਿੱਚ ਵੀ ਖੁਲ੍ਹਦੇ ਹਨ। ਅਸੀਂ ਇਕਲੇ ਵੀ ਹਾਂ ਅਤੇ ਭੀੜ ਦੇ ਨਾਲ ਵੀ, ਭੀੜ ਵਿਚ ਰਹਿੰਦੇ ਹੋਏ ਸਾਡੀ ਹੋਂਦ ਬਣੀ ਰਹਿੰਦੀ ਹੈ, ਉਸ ਨੂੰ ਪਛਾਣਿਆ ਵੀ ਜਾ ਸਕਦਾ ਹੈ ਅਤੇ ਭੀੜ ਦੀ ਵਿਸ਼ਾਲਤਾ ਵਿਚ ਵੀ ਸਾਡੀ ਯਾਤਰਾ ਹੋ ਰਹੀ ਹੈ। ਸਾਮੂਹਿਕਤਾ ਵਿਚ ਰਹਿੰਦੇ ਹੋਏ ਵੀ ਅਸੀਂ ਅਪਣੀ ਹੋਂਦ ਅਤੇ ਸੱਤਾ ਬਣਾ ਕੇ / ਬਚਾ ਕੇ ਰੱਖਣ ਦੀ ਇਹ ਅਦਭੁਤ ਕਾਰੀਗਰੀ ਹੈ। ਪ੍ਰੰਤੂ ਕੀਤੇ ਨਾ ਕੀਤੇ ਇਹ ਮਹਾਵੀਰ ਦੇ ਗਣਤੰਤਰ ਸੰਸਕਾਰ ਨਾਲ ਜੁੜੀ ਹੋਈ ਨਹੀਂ ਹੈ?

ਨਮਿਤ ਦੀ ਭੂਮਿਕਾ ਵੀ ਘੱਟ ਪੂਜਨ ਯੋਗ ਨਹੀਂ ਹੁੰਦੀ, ਜੈਨ ਮਹਾ ਮੰਤਰ ਨਸਕਾਰ ਵਿੱਚ ਪੰਜ ਪ੍ਰਮੇਸ਼ਟੀਆਂ ਦੇ ਵਿੱਚ ਅਰਹੰਤਾਂ / ਅਰਿਹੰਤਾਂ ਨੂੰ ਸਿੱਧਾਂ ਤੋਂ ਪਹਿਲਾਂ ਨਮਸਕਾਰ ਕੀਤਾ ਗਿਆ ਹੈ। ਸਹੀ ਹੈ ਕਿ ਸਿੱਧ ਸਾਰੇ ਅੱਠ ਕਰਮਾਂ (ਚਾਰ ਘਾਤੀ, ਭਾਵ ਗਿਆਨਾਵਰਨੀਆ, ਦਰਸ਼ਨਾਵਰਨੀਆ, ਮੋਹਨੀਆਂ ਅਤੇ ਅੰਤਰਾਏ, ਨੌਂ ਦੀਆਂ ਕਰਮ ਵਰਗਨਾਵਾਂ ਅਰਥਾਤ ਕਰਮ ਪੁਦਗਲ ਜੋ ਆਤਮਾ ਦੇ ਗਿਆਨ, ਦਰਸ਼ਨ, ਰੂਪ ਦੇ ਮੂਲ ਸੁਭਾਵ ਨੂੰ ਢੱਕਦੇ / ਰੋਕਦੇ (ਪਰਦਾ ਕਰਦੇ) ਹਨ। ਉਸ ਨੂੰ ਕੇਵਲ ਗਿਆਨ ਤੱਕ ਨਹੀਂ ਪਹੁੰਚਨ ਦਿੰਦੇ, ਚਾਰ ਅਘਾਤੀ ਕਰਮ ਭਾਵ ਵੇਦਨਿਆ, ਆਯੂ, ਨਾਮ ਅਤੇ ਗੋਤਰ ਨਾਮਕ ਉਹ ਕਰਮ ਵਰਗਨਾਵਾਂ ਭਾਵ ਕਰਮ ਪੁਦਗਲ ਜੋ ਜੀਵ ਨੂੰ ਸੁਖ, ਦੁੱਖ, ਗਤੀ, ਭਾਵ ਉਮਰ ਧਾਰਨ ਮਨੁੱਖ ਆਦਿ ਪਰਿਯਾਏ ਅਤੇ ਉੱਚਾ ਨੀਵਾਂ ਕੁਲ ਪ੍ਰਾਪਤ ਕਰਨ

ਲਈ ਜਿੰਮੇਵਾਰ ਹੁੰਦੇ ਹਨ) ਦਾ ਖਾਤਮਾ ਕਰਕੇ ਭਾਵ ਮੋਕਸ਼ ਅਤੇ ਦ੍ਰਵ ਮੋਕਸ਼ ਪ੍ਰਾਪਤ ਕਰ ਚੁੱਕੇ ਹਨ। ਉਹ ਹੁਣ ਦੇਹ ਰਹਿਤ ਰੂਪ ਵਿੱਚ ਮੋਕਸ਼ ਵਿੱਚ ਹਨ ਅਤੇ ਸੰਸਾਰ ਦੇ ਲਈ ਸਿਰਫ ਅਦਿੱਖ ਪ੍ਰੇਰਨਾ ਅਤੇ ਅਪ੍ਰਤਖ ਆਦਰਸ਼ ਦੀ ਹੈਸਿਅਤ ਵਿੱਚ ਹੀ ਨਮਿਤ ਹਨ, ਇਸ ਦੇ ਉਲਟ ਅਰਿਹੰਤਾਂ ਦੇ ਚਾਰ ਘਾਤੀ ਕਰਮਾਂ ਦਾ ਖਾਤਮਾ ਹੋ ਚੁੱਕਾ ਹੈ ਉਨ੍ਹਾਂ ਦਾ ਭਾਵ ਮੋਕਸ਼ ਹੋ ਗਿਆ ਹੈ। ਪ੍ਰੰਤੂ ਅਜੇ ਉਹ ਸੰਸਾਰ ਵਿੱਚ ਹੀ ਵਿਚਰਦੇ ਹਨ ਉਨ੍ਹਾਂ ਦੇ ਚਾਰ ਕਰਮ ਭਾਵ ਅਘਾਤੀ ਕਰਮਾਂ ਦਾ ਖਾਤਮਾ ਹੋਣ ਤੇ ਦ੍ਰਵ ਮੋਕਸ਼ (ਅਸਲ ਮੁਕਤੀ ਮਿਲਣਾ ਤੈਹ ਹੈ) ਪਰ ਅਜੇ ਉਨ੍ਹਾਂ ਦਾ ਪਦ ਸਿਧਾਂ ਤੋਂ ਘੱਟ ਹੈ। ਪਰ ਉਹ ਪ੍ਰਾਣੀਆਂ ਦੀ ਆਤਮਾ ਦਾ ਵੇੜਾ ਪਾਰ ਕਰਨ ਦੇ ਲਈ ਪ੍ਰਤਖ ਨਮਿਤ ਹਨ ਅਤੇ ਸੰਸਾਰ ਵਿਚ ਸਰੀਰ ਨਾਲ ਘੁੰਮਦੇ ਹੋਏ ਅਪਣੀ ਭੂਮਿਕਾ ਠੀਕ ਠੀਕ ਨਿਭਾ ਰਹੇ ਹਨ ਇਸ ਲਈ ਸੰਸਾਰ ਦੇ ਹਿੱਤ ਤੋਂ ਜ਼ਿਆਦਾ ਕ੍ਰਿਆਵਾਨ, ਪ੍ਰਭਾਵੀ ਅਤੇ ਪ੍ਰਤੱਖ ਨਮਿਤ ਦੀ ਭੂਮਿਕਾ ਨਾਲ ਜੁੜੇ ਹੋਏ ਅਰਿਹੰਤਾਂ ਨੂੰ ਉਨ੍ਹਾਂ (ਸਿਧਾਂ) ਦੀ ਘੱਟ ਪਦਵੀ ਦੇ ਬਾਵਜੂਦ ਸਿਧਾਂ ਤੋਂ ਪਹਿਲਾਂ ਨਮਸਕਾਰ ਦਾ ਵਿਧਾਨ ਕਰਕੇ ਨਮਸਕਾਰ ਮੰਤਰ ਨੇ ਸਾਡੇ ਲੋਕ ਜੀਵਨ ਨੂੰ ਇਕ ਸਹੀ ਅਤੇ ਅਰਥ ਭਰਪੂਰ ਇਸ਼ਾਰਾ ਦਿੱਤਾ ਹੈ।

ਅਪਣੇ ਲਈ ਉਪਾਦਾਨ ਅਤੇ ਦੂਸਰੇ ਦੇ ਲਈ ਨਮਿਤ ਦੀ ਇਸ ਦੋਹਰੀ ਭੂਮਿਕਾ ਦੇ ਠੀਕ ਪਾਲਣ ਦੇ ਲਈ ਪਹਿਲੀ ਜ਼ਰੂਰਤ ਤਾਂ ਇਹੋ ਹੈ ਕਿ ਸਾਨੂੰ ਦੋਹਰੀ ਭੂਮਿਕਾ ਦਾ ਠੀਕ ਗਿਆਨ ਹੋਵੇ। ਇਸ ਗਿਆਨ ਤੱਕ ਅਸੀਂ ਤੱਦ ਹੀ ਪਹੁੰਚ ਸਕਦੇ ਹਾਂ ਜਦ ਸਾਨੂੰ ਪਦਾਰਥ ਜਾਂ ਵਸਤੂ ਦੀ ਵਿਸ਼ਾਲਤਾ, ਉਸ ਦੀ ਸੁਤੰਤਰਤਾਂ, ਉਸ ਦੇ ਅੰਤਨ ਧਰਮ ਹੋਣ ਆਦਿ ਦਾ ਠੀਕ ਗਿਆਨ ਅਤੇ ਤੇਜ਼ ਅਨੁਭੂਤੀ ਹੋ ਚੁੱਕੀ ਹੋਵੇ। ਇਹ ਤੱਤਵ ਦਾ ਗਿਆਨ ਅਤੇ ਉਸ ਦੀ ਸ਼ਕਤੀਸ਼ਾਲੀ ਸ਼ਰਧਾ ਹੈ, ਸ਼ਾਸਤਰੀ ਪਰਿਭਾਸ਼ਾ ਵਿੱਚ ਇਸ ਨੂੰ ਸਮਿਅਕ ਗਿਆਨ ਅਤੇ ਸਮਿਅਕ ਦਰਸ਼ਨ ਕਿਹਾ ਗਿਆ ਹੈ।

ਮਹਾਵੀਰ ਕਿਤਾਬੀ ਆਦਮੀ ਨਹੀਂ ਹਨ, ਉਹ ਇਕਲੇ ਤੱਤਵ ਗਿਆਨ ਨੂੰ ਮੁਕਤੀ ਦੇ ਲਈ ਕਾਫੀ ਨਹੀਂ ਮੰਨਦੇ। ਉਨ੍ਹਾਂ ਨੇ ਚਿੰਤਨ ਧਿਆਨ ਅਤੇ ਸਾਧਨਾ ਰਾਹੀਂ ਸੱਚ ਨੂੰ ਪ੍ਰਾਪਤ ਕੀਤਾ ਸੀ, ਕਿਤਾਬਾਂ ਦੇ ਰਾਹੀਂ ਨਹੀਂ। ਇਸੇ ਲਈ ਉਨ੍ਹਾਂ ਦਾ ਗਿਆਨ ਜ਼ਰੂਰੀ ਜੀਵਨ ਨਾਲ ਜੁੜਿਆ ਹੋਇਆ ਹੈ। ਉਹ ਮੰਨਦੇ

ਹਨ ਕਿ ਜੇ ਗਿਆਨ ਸਮਿਅਕ (ਸਹੀ) ਹੈ ਤਾਂ ਉਹ ਜੀਵਨ ਵਿੱਚ ਉੱਤਰੇਗਾ ਹੀ, ਜਿਵੇਂ ਪਾਣੀ ਆਪਣੀ ਢਲਾਨ ਵੱਲ ਆਪਣੇ ਆਪ ਜਾਂਦਾ ਹੈ। ਸਮਿਅਕ ਗਿਆਨੀ ਨੂੰ ਕਿਸੇ ਤੋਂ ਕੁੱਝ ਪੁਛਣਾ ਨਹੀਂ ਪੈਂਦਾ। ਉਹ ਖੁਦ ਪ੍ਰਮਾਣ ਬਣ ਜਾਂਦਾ ਹੈ। ਨਿਰਮਲ ਆਤਮਾ ਖੁਦ ਪ੍ਰਮਾਣ ਹੁੰਦੀ ਹੈ, ਇਸ ਲਈ ਮਹਾਵੀਰ ਦਾ ਧਰਮ ਉਪਾਸਕ ਦਾ ਧਰਮ ਹੈ, ਪਿਛਲੱਗੂ ਦਾ ਨਹੀਂ, ਸਮਿਅਕ ਗਿਆਨੀ ਸੱਚ ਨੂੰ ਜਾਣਦਾ ਹੈ, ਉਹ ਇਸ ਨੂੰ ਪੈਦਾ ਨਹੀਂ ਕਰਦਾ। ਅਸੀਂ ਅਗਿਆਨੀ ਲੋਕ ਉਸ ਨੂੰ ਪੈਦਾ ਕਰਦੇ ਹਾਂ, ਆਖਣਾ ਚਾਹਿਦਾ ਹੈ, ਉਸ ਨੂੰ ਪੈਦਾ ਕਰਨ ਦੀ ਕੋਸ਼ਿਸ ਕਰਦੇ ਹਾਂ (ਕਿਉਂਕਿ ਪੈਦਾ ਤਾਂ ਭਲਾ ਉਸ ਨੂੰ ਅਸੀਂ ਕਿ ਕਰਾਂਗੇ ਅਤੇ ਬਾਅਦ ਵਿੱਚ ਉਸ ਦੇ ਪੱਖ ਵਿਚ ਬਹਿਸ ਕਰਦੇ ਹਾਂ। ਇਸੇ ਲਈ ਸਭ ਆਪਣੇ ਆਪਣੇ ਅਖੋਤੀ ਸੱਚ ਨੂੰ ਲਈ ਫਿਰਦੇ ਹਨ, ਇਕ ਦੂਸਰੇ ਨੂੰ ਬਹਿਸ ਲਈ ਲਲਕਾਰਦੇ ਰਹਿੰਦੇ ਹਨ) ਸਮਿਅਕ ਗਿਆਨੀਆਂ ਵਿੱਚ ਕੋਈ ਬਹਿਸ ਦਾ ਮੁੱਦਾ ਨਹੀਂ ਰਹਿੰਦਾ, ਉੱਥੇ ਸੱਚ ਇਕ ਹੁੰਦਾ ਹੈ। ਮਹਾਵੀਰ ਦੇ ਸੱਚੇ ਭਗਤ ਸ਼੍ਰੀਮਦ ਰਾਜ ਚੰਦਰ ਨੇ, ਜਿਨ੍ਹਾਂ ਦੀ ਸੰਗਤ ਅਤੇ ਸੰਪਰਕ ਮਹਾਤਮਾਂ ਗਾਂਧੀ ਨੂੰ ਪ੍ਰਾਪਤ ਹੋਈ ਸੀ ਅਤੇ ਅਪਣੇ ਸੋਚ ਅਤੇ ਸੰਸਕਾਰਾਂ ਦਾ ਤੇ ਜਿਨ੍ਹਾਂ ਦਾ ਵਰਨਣ ਮਹਾਤਮਾ ਗਾਂਧੀ ਨੇ ਅਪਣੀ ਆਤਮ ਕਥਾ ਸੱਚ ਦੇ ਪ੍ਰਯੋਗ ਵਿੱਚ ਸਵਿਕਾਰ ਕੀਤਾ ਹੈ, ਨੇ ਠੀਕ ਆਖਿਆ ਹੈ, "ਕਰੋੜ ਗਿਆਨੀਆਂ ਦਾ ਇਕ ਹੀ ਵਿਕਲਪ (ਨਿਸ਼ਾਨਾ) ਹੁੰਦਾ ਹੈ, ਜਦਕਿ ਇਕ ਅਗਿਆਨੀ ਦੇ ਕਰੋੜਾਂ ਵਿਕਲਪ ਹੁੰਦੇ ਹਨ"।

ਇਕੱਲਾ ਗਿਆਨ ਮਖੋਟਾ ਹੈ, ਤਾਂ ਇਕੱਲਾ ਆਚਰਨ ਵੀ ਮਖੋਟਾ ਹੈ, ਅਤੇ ਮਖੋਟਾ ਹਮੇਸ਼ਾਂ ਦੁੱਖ ਦਾ ਕਾਰਨ ਬਣਦਾ ਹੈ, ਮਨੁੱਖ ਦਾ ਸਭ ਤੋਂ ਵੱਡਾ ਦੁੱਖ ਇਹ ਹੈ ਕਿ ਉਹ ਹਰ ਵਕਤ ਇਕ ਮਖੋਟੇ ਵਿੱਚ ਰਹਿੰਦਾ ਹੈ। ਜੋ ਉਹ ਹੈ ਨਹੀਂ, ਉਹ ਵੇਖਣਾ ਚਾਹੁੰਦਾ ਹੈ। ਉਸ ਨੂੰ ਹਰ ਵਕਤ ਤਨਾਵ ਰਹਿੰਦਾ ਹੈ ਕਿ ਕੀਤੇ ਅਪਣੇ ਅਸਲੀ ਚੇਹਰਾ ਵਿੱਚ ਨਾ ਦਿੱਖ ਜਾਏ। ਸਮਿਅਕ ਦਰਸ਼ਨ, ਸਮਿਅਕ ਗਿਆਨ ਅਤੇ ਸਮਿਅਕ ਚਰਿੱਤਰ ਤੋਂ ਇਲਾਵਾ ਮਖੋਟੀਆਂ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਅਚਾਰਿਆ ਉਮਾ ਸਵਾਮੀ ਨੇ ਦਰਸ਼ਨ ਗਿਆਨ ਅਤੇ ਚਰਿੱਤਰ ਨੂੰ ਇਕ ਨਾਲ ਹੀ ਇਕ ਵਿਸ਼ੇਸਨ ਸਮਿਅਕ ਦੇ ਅਧੀਨ ਅਤੇ ਮਾਰਗ ਨੂੰ ਇਕ ਵਚਨ ਰੱਖਦੇ ਹੋਏ ਉਨ੍ਹਾਂ ਨੂੰ ਮੋਕਸ਼ ਦਾ ਮਾਰਗ

ਕਿਹਾ ਹੈ। ਉਨ੍ਹਾਂ ਦਾ ਇਹ ਕੱਥਨ ਹੈ ਕਿ ਸਮਿਅਕ ਦਰਸ਼ਨ, ਸਮਿਅਕ ਗਿਆਨ ਅਤੇ ਸਮਿਅਕ ਚਰਿੱਤਰ ਤਿੰਨਾ ਦਾ ਸੁਮੇਲ ਹੀ ਮੋਕਸ਼ ਮਾਰਗ ਹੈ। ਸਾਡੀ ਦ੍ਰਿਸ਼ਟੀ ਤੋਂ ਇਹ ਤਿੰਨਾਂ ਨੂੰ ਭੇਦ ਰਹਿਤ ਬਣਾ ਕੇ ਰੱਖਦੀ ਹੈ। ਇਸੇ ਨੂੰ ਹੀ ਰਤਨ ਤ੍ਰਯ (ਤਿੰਨ ਰਤਨ) ਕਿਹਾ ਗਿਆ ਹੈ। ਟੁਟੀ / ਵੰਡੀ ਸ਼ਖਸੀਅਤ ਦੀ ਸੰਪੂਰਨਤਾ ਅਤੇ ਇਕਾਗਰਤਾ ਦੀ ਦਿਸ਼ਾ ਇਸੇ ਭੇਦ ਰਹਿਤ ਅਵਸਥਾ ਤੋਂ ਮਿਲਦੀ ਹੈ।

ਮੋਕਸ਼ ਮਾਰਗ ਤੇ ਵੱਧਨ ਵਾਲੇ ਦੇ ਲਈ ਸਮਿਅਕ ਦਰਸ਼ਨ ਪਹਿਲੀ ਜ਼ਰੂਰਤ ਹੈ, ਦਰਸ਼ਨ ਅੰਦਰਲਾ ਵਿਸ਼ਾ ਹੈ ਗਿਆਨ ਬਾਹਰ ਦਾ। ਜਿਸ ਨੂੰ ਅੰਦਰਲਾ ਗਿਆਨ ਹੋਵੇਗਾ, ਉਸੇ ਨੂੰ ਬਾਹਰ ਦਾ / ਬਾਹਰ ਦੇ ਪਦਾਰਥਾਂ ਦਾ ਸਹੀ ਗਿਆਨ ਹੋਵੇਗਾ। ਸਮਿਅਕ ਗਿਆਨ ਸਾਨੂੰ ਉਨ੍ਹਾਂ ਤੱਤਵਾਂ ਦੀ ਜਾਣਕਾਰੀ ਦਿੰਦਾ ਹੈ, ਜਿਨ੍ਹਾਂ ਦੇ ਪ੍ਰਤੀ ਸਾਡੇ ਅੰਦਰ ਪਹਿਲਾਂ ਹੀ ਡੂੰਘੀ ਅਤੇ ਸਹੀ ਸ਼ਰਧਾ ਜਨਮ ਲੈ ਚੁਕਦੀ ਹੈ। ਸ਼ਰਧਾ ਜਾਂ ਦਰਸ਼ਨ ਤੋਂ ਕਿਸੇ ਚੀਜ / ਤੱਤਵ ਨੂੰ ਜਾਣਨ ਦੀ ਪ੍ਰਵਿਰਤੀ ਪੈਦਾ ਹੁੰਦੀ ਹੈ। ਇਸ ਲਈ ਉੱਪਰ ਵਰਨਣ ਤੱਤਵਾਰਥ ਦੇ ਵਿੱਚ ਸਮਿਅਕ ਦਰਸ਼ਨ ਦਾ ਵਰਨਣ ਸਮਿਅਕ ਗਿਆਨ ਤੋਂ ਪਹਿਲਾਂ ਕੀਤਾ ਗਿਆ ਹੈ, ਸਮਿਅਕ ਦਰਸ਼ਨ ਪਾਸਪੋਰਟ ਹੈ, ਸਮਿਅਕ ਗਿਆਨ ਵਿਜ਼ਾ। ਪਾਸਪੋਰਟ ਤੋਂ ਬਾਅਦ ਹੀ ਵਿਜ਼ਾ ਮਿਲਦਾ ਹੈ।

ਮਹਾਵੀਰ ਦਾ ਸੰਪੂਰਨ ਚਿੰਤਨ ਸਮਿਅਕ ਏਕਾਂਤ ਰੂਪ ਵਿੱਚ ਆਤਮਾ 'ਤੇ ਟਿਕਿਆ ਹੋਇਆ ਹੈ। ਆਤਮਾ ਅਤੇ ਦੇਹ ਤੋਂ ਉਸ ਦੀ ਭਿਨਤਾ ਤੇ ਗਹਿਰਾਈ ਅਤੇ ਅਟੁੱਟ ਸ਼ਰਧਾ ਹੀ ਸਮਿਅਕ ਦਰਸ਼ਨ ਹੈ। ਅਦਿੱਖ ਹੋਣ ਤੇ ਵੀ ਇਹ ਸੰਵੇਦਨਸ਼ੀਲ ਵਿਅੱਕਤੀ ਮਨੁੱਖ ਦੇ ਲਈ ਪ੍ਰਤੱਖ ਅਨੁਭਵ ਵਿੱਚ ਆਉਂਦਾ ਹੈ। ਇਸ ਲਈ **ਰਤਨ ਤ੍ਰਯ** ਨਾਲ ਸੰਪਨ ਹੁੰਦੇ ਹੋਏ, ਵਿਅਕਤੀ ਦੇ ਲਈ ਦੇਹ ਦੀ ਕੋਈ ਔਕਾਤ ਨਹੀਂ ਹੈ। ਅਤੇ ਜਿਸ ਦੇ ਲਈ ਦੇਹ ਦੀ ਕੋਈ ਔਕਾਤ ਨਹੀਂ ਰਹਿ ਗਈ ਉਸ ਦੇ ਕੋਲ ਦੇਹ ਦੀਆਂ ਸੰਤਾਨਾਂ - ਹਿੰਸਾ, ਕਰੋਧ, ਲੋਭ, ਮੋਹ, ਪਰਿਗ੍ਰਹਿ ਚੋਰੀ ਆਦਿ ਭਲਾ ਕਿਵੇਂ ਟਿਕ ਸਕਦੀਆਂ ਹਨ? ਮਹਾਵੀਰ ਦੇਹ ਨੂੰ ਮਹੱਤਵ ਨਹੀਂ ਦਿੰਦੇ। ਉਹ ਤਲਵਾਰ ਦਾ ਮੁੱਲ ਕਰਦੇ ਹਨ, ਮਿਆਨ ਨੂੰ ਇਕ ਪਾਸੇ ਪਿਆ ਰਹਿਣ ਦਿੰਦੇ ਹਨ।

ਜੈਨ ਸ਼ਾਸਤਰਾਂ ਨੇ ਸਮਿਅਕ ਦਰਸ਼ਨ, ਸਮਿਅਕ ਗਿਆਨ, ਸਮਿਅਕ ਚਰਿੱਤਰ ਦੇ ਉਪਰੋਕਤ ਪਰਮ ਅਰਥ ਦਾ ਵਿਵਹਾਰ ਪੱਖੋਂ ਵੀ ਵਿਸ਼ਾਲ ਅਤੇ ਵਿਦਵਾਨਤਾ ਨਾਲ ਵਿਵੇਚਨ ਕੀਤਾ ਹੈ। ਅਨੇਕ ਭੇਦਾਂ ਉਪਭੇਦਾਂ, ਅੰਗਾਂ, ਉਪਾਂਗਾ, ਆਚਰਨ, ਵਿਧੀ ਵਿਧਾਨ ਆਦਿ ਵਿੱਚ ਵੰਡੇ ਇਹ ਵਿਵੇਚਨ ਗੁਪਤ ਅਤੇ ਸਥੂਲ ਲਗ ਸਕਦੇ ਹਨ ਪਰ ਕਈ ਵਾਰ ਸੂਖਮ ਅਤੇ ਪ੍ਰਤਖ ਦੇ ਲਈ ਇਹ ਰਸਤਾ ਕਿ ਸਥੂਲ ਅਤੇ ਗੁਪਤ ਤੋਂ ਹੀ ਨਹੀਂ ਹੋ ਕੇ ਜਾਂਦਾ?

ਮਨੁੱਖੀ ਸੱਤਾ ਤੇ ਮਹਾਵੀਰ ਦਾ ਅਟੁੱਟ ਵਿਸ਼ਵਾਸ ਹੈ, ਇਸੇ ਲਈ ਸਮਿਅਕ ਦਰਸ਼ਨ, ਸਮਿਅਕ ਗਿਆਨ ਅਤੇ ਸਮਿਅਕ ਚਰਿੱਤਰ ਨਾਲ ਭਰਪੂਰ ਮਨੁੱਖ ਨੂੰ ਮਹਾਵੀਰ ਕੋਈ ਹਦਾਇਤ ਨਹੀਂ ਦੇਣਾ ਚਾਹੁੰਦੇ। ਉਨ੍ਹਾਂ ਦੀ ਦ੍ਰਿਸ਼ਟੀ ਤੋਂ ਉਹ ਖੁਦ ਉਨ੍ਹਾਂ ਦੇ ਬਰਾਬਰ ਹੈ। ਸੱਚਾ ਲੋਕਤੰਤਰ ਸਭ ਤੋਂ ਹੇਠਲੀ ਪੌੜੀ ਤੇ ਖੜੇ ਅਪਣੇ ਮੈਂਬਰ ਮਨੁੱਖ ਨੂੰ ਸਭ ਤੋਂ ਉੱਪਰਲੀ ਪੌੜੀ ਤੱਕ ਪਹੁੰਚਨ ਦੀ ਛੋਟ ਦਿੰਦਾ ਹੈ। ਮਹਾਵੀਰ ਦੇ ਵਿਰਾਟ ਲੋਕਤੰਤਰ ਵਾਲੇ ਚਿੰਤਨ ਵਾਲੇ ਵਿੱਚ ਇਹ ਛੋਟ ਜੀਵ ਮਾਤਰ ਦੇ ਲਈ ਹੈ। ਕੋਈ ਵੀ ਪ੍ਰਾਣੀ ਮਹਾਵੀਰ ਬਣ ਸਕਦਾ ਹੈ।

ਮਹਾਵੀਰ ਕਿਸਮਤ ਤੇ ਭਰੋਸਾ ਰੱਖਣ ਵਾਲੇ ਨਹੀਂ ਹਨ, ਉਹ ਆਤਮਾ ਤੋਂ ਬਾਹਰ ਕਿਸੇ ਰੱਬੀ ਹੋਂਦ ਵਿੱਚ ਵੀ ਵਿਸ਼ਵਾਸ ਨਹੀਂ ਰੱਖਦੇ। ਉਹ ਇਹ ਤਾਂ ਮੰਨਦੇ ਹਨ ਕਿ ਵਸਤੂ ਅਪਣੇ ਪਰਿਣਾਮੀ (ਬਦਲਾਉ ਦੇ ਸੁਭਾਵ ਵਾਲਾ) ਅਨੁਸਾਰ ਅਪਣੇ ਆਪ ਬਦਲਦੀ ਹੈ। ਪਰ ਇਸ ਪ੍ਰਕ੍ਰਿਆ ਵਿੱਚ ਉਹ ਦੂਸਰੇ ਦੀ ਨਮਿਤ ਦੀ ਭੂਮਿਕਾ ਨੂੰ ਅਤੇ ਵਸਤੂ ਦੇ ਖੁਦ ਦੀ ਕੋਸ਼ਿਸ ਨੂੰ ਕ੍ਰਿਆ ਹੀਨ ਨਹੀਂ ਮੰਨਦੇ। ਅਪਣਾ ਉਪਾਦਾਨ ਖੁਦ ਹੋਣ ਦੇ ਕਾਰਨ ਵਸਤੂ ਦੀ ਲਗਾਮ ਖੁਦ ਉਸ ਦੇ ਹੱਥ ਵਿੱਚ ਹੈ। ਬੰਧਨ ਅਤੇ ਮੋਕਸ਼ ਖੁਦ ਉਸ ਦੇ ਅਪਣੇ ਅੰਦਰ ਹੈ। ਉਹਨਾਂ ਵਿੱਚੋਂ ਕਿਸੇ ਨੂੰ ਵੀ ਮਿਲ ਸਕਦਾ ਹੈ, ਕਰਮ ਫਲ ਹੁੰਦਾ ਹੈ, ਪਰ ਜੇ ਆਤਮਾ ਜਾਗਰਤ ਹੈ ਤਾਂ ਉਹ ਬਿਨ੍ਹਾਂ ਫਲ ਦਿੱਤੇ ਹੀ ਝੜ ਜਾਣਗੇ।

ਮਹਾਵੀਰ ਨੇ ਅਹਿੰਸਾ, ਅਪਰਿਗ੍ਰਹਿ ਆਦਿ ਜੈਨ ਧਾਰਨਾਵਾਂ ਨੂੰ ਦਰਸ਼ਨ (ਫਿਲੋਸਫੀ) ਦੀ ਪ੍ਰਭਾਵਿਤ ਕਰ ਦੇਣ ਵਾਲੀ ਜਮੀਨ ਤੇ ਜ਼ਿਆਦਾ ਸ਼ਕਤੀ ਨਾਲ ਖੜ੍ਹਾ ਕੀਤਾ। ਉਹ ਸਿਰਫ ਇਹ ਆਖਕੇ ਚੁੱਪ ਨਹੀਂ ਹੁੰਦੇ ਕਿ ਸਾਨੂੰ ਰਹਿਮ

ਕਰਨਾ ਚਾਹਿਦਾ ਹੈ? ਉਹ ਇਹ ਵੀ ਸਮਝਾਉਂਦੇ ਹਨ ਕਿ ਰਹਿਮ ਕਿਉਂ ਕਰਨਾ ਚਾਹਿਦਾ ਹੈ? ਕਾਰਨ ਅਤੇ ਜ਼ਰੂਰਤ ਦੱਸੇ ਬਿਨ੍ਹਾਂ ਉਹ ਅੱਗੇ ਨਹੀਂ ਵੱਧਦੇ, ਉਹ ਚਾਹੁੰਦੇ ਹਨ ਕਿ ਰਹਿਮ ਵੀ ਗਿਆਨ ਤੋਂ ਪੈਦਾ ਹੋਵੇ। ਅਗਿਆਨ ਤੋਂ ਪੈਦਾ ਹੋਇਆ ਰਹਿਮ ਬੰਧਨ ਮੁਕਤੀ ਵਿੱਚ ਸਹਾਇਕ ਨਹੀਂ ਹੁੰਦਾ। (ਦਸਵੇਂਕਾਲਿਕ ਸੂਤਰ 4/10) ਵਿੱਚ ਉਨ੍ਹਾਂ ਦਾ ਕਥਨ ਹੈ ਪਹਿਲਾਂ ਗਿਆਨ ਫੇਰ ਰਹਿਮ।

ਗਿਆਨ ਪ੍ਰਾਪਤੀ ਤੋਂ ਬਾਅਦ ਅਤੇ 527 ਈ. ਪੂ. 13 ਅਕਤੂਬਰ ਬੁੱਧਵਾਰ (ਕੱਤਕ ਕ੍ਰਿਸ਼ਨਾ ਅਮਾਵਸ਼) ਨੂੰ ਪਾਵਾਪੁਰ ਵਿੱਚ ਬ੍ਰਹਮ ਮਹੂਰਤ ਵਿੱਚ ਅਪਣਾ ਨਿਰਵਾਨ ਹੋਣ ਤੱਕ ਜੈਨ ਧਰਮ ਦੇ 24ਵੇਂ ਤੀਰਥੰਕਰ ਮਹਾਵੀਰ 29 ਸਾਲ 3 ਮਹੀਨੇ 24 ਦਿਨ ਲਗਾਤਾਰ ਘੁੰਮਦੇ ਰਹੇ ਅਤੇ ਲੋਕਾਂ ਦੀ ਮੁਕਤੀ ਦੇ ਲਈ ਕਾਰਨ ਬਣਦੇ ਰਹੇ। ਅਪਣੇ ਆਪ ਨੂੰ ਜਿੱਤ ਲੈਣ, ਅਪਣੇ ਰਾਗ ਦਵੇਸ਼ ਤੇ ਰਾਈ ਰਤੀ ਜਿੱਤ ਹਾਸਲ ਕਰ ਲੈਣ ਦੇ ਕਾਰਨ ਅਪਣੇ ਤੋਂ ਪਹਿਲੇ ਤੀਰਥੰਕਰਾਂ ਦੀ ਤਰ੍ਹਾਂ ਉਨ੍ਹਾਂ ਨੂੰ ਜਿਨ, ਉਹਨਾਂ ਦੇ ਆਖੇ ਉਪਦੇਸ਼ ਨੂੰ ਜਿਨ ਬਾਣੀ ਅਤੇ ਅਪਣੀ ਸ਼ਰਧਾ ਰੱਖਣ ਅਤੇ ਅਪਣੇ ਆਚਰਨ ਦਾ ਵਿਸ਼ਾ ਬਣਾਉਨ ਵਾਲੇ ਨੂੰ, ਭਾਵੇ ਉਹ ਕਿਸੇ ਵਰਗ / ਵਰਣ / ਜਾਤ ਦਾ ਹੋਵੇ ਜੈਨ ਆਖਿਆ ਗਿਆ। ਜਿਸ ਵੱਡੇ ਇਲਾਕੇ ਵਿੱਚ ਉਨ੍ਹਾਂ ਜ਼ਿਆਦਾ ਧਰਮ ਪ੍ਰਚਾਰ ਕੀਤਾ। ਉਸ ਦੀਆਂ ਹੱਦਾਂ ਭਾਵੇਂ ਬਦਲੀਆਂ / ਇੱਕਠੀਆਂ ਹੋਈਆਂ ਹੋਣ ਪਰ ਉਸ ਦਾ ਮੂਲ ਨਾਮ ਅੱਜ ਵੀ ਬਿਹਾਰ ਹੈ। ਉਨ੍ਹਾਂ ਦੀ ਧਰਮ ਸਭਾ ਸਮੋਸਰਨ ਅਖਵਾਉਂਦੀ ਸੀ, ਉਸ ਵਿੱਚ ਸਾਰੇ ਧਰਮ, ਵਿਚਾਰ, ਉਮਰ ਦੇ ਮਨੁੱਖਾਂ ਨੂੰ ਹੀ ਨਹੀਂ ਪਸ਼ੂ, ਪੰਛੀਆਂ ਨੂੰ ਵੀ ਜਾਣ ਦੀ ਖੁਲ੍ਹ ਅਤੇ ਮੁਕਤੀ ਦਾ ਬਰਾਬਰ ਮੌਕਾ ਸੀ। ਉਹ ਖੁਦ ਖੱਤਰੀ ਸਨ ਉਨ੍ਹਾਂ ਦੇ ਮੁੱਖ ਗਨਧਰ (ਚੇਲੇ) ਇੰਦਰ ਭੂਤੀ ਗੋਤਮ ਬ੍ਰਾਹਮਣ ਸਨ। ਉਨ੍ਹਾਂ ਨੇ ਪ੍ਰਸ਼ਿੱਧੀ ਪ੍ਰਾਪਤ ਆਮ ਲੋਕਾਂ ਵਿੱਚ ਪ੍ਰਚਲਤ ਸੰਸਕ੍ਰਿਤ ਨੂੰ ਨਹੀਂ, ਆਮ ਆਦਮੀ ਦੀ ਭਾਸ਼ਾ ਪ੍ਰਾਕ੍ਰਿਤ ਨੂੰ ਅਪਣਾਇਆ। ਪ੍ਰਾਕ੍ਰਿਤ ਨਵੇਂ ਯੁੱਗ ਦੀ ਭਾਸ਼ਾ ਜ਼ਰੂਰ ਸੀ, ਪਰ ਸੰਸਕ੍ਰਿਤ, ਪਾਲੀ ਜਿਹੀਆਂ ਪਹਿਲੀਆਂ ਭਾਸ਼ਾਵਾਂ ਤੋਂ ਹੀ ਵਿਕਸਤ ਹੋਈ ਸੀ। ਇਸੇ ਲਈ ਉਨ੍ਹਾਂ ਨੂੰ ਬੋਲਣ ਵਾਲੇ ਵੀ ਉਸ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਸਨ। ਮਹਾਵੀਰ ਦੀ ਮਾਤਰ ਭਾਸ਼ਾ ਮਾਗਧੀ ਪ੍ਰਾਕ੍ਰਿਤ ਸੀ, ਪਰ ਅਪਣੇ ਉਪਦੇਸ਼ਾਂ ਦੇ ਲਈ ਉਨ੍ਹਾਂ ਅਰਧ ਮਾਗਧੀ ਪ੍ਰਾਕ੍ਰਿਤ ਨੂੰ

ਚੁਣਿਆ। ਇਸੇ ਅਰਧ ਮਾਗਧੀ ਪ੍ਰਾਕ੍ਰਿਤ ਤੋਂ (ਅਜੋਕੀ ਪੂਰਵੀ ਹਿੰਦੀ ਜਾਂ ਅੱਵਧੀ, ਵਘੇਲੀ ਅਤੇ ਛੱਤੀਸਗੜ੍ਹ ਦੀ ਪੁਰਾਣੀ ਭਾਸ਼ਾ) ਦੇ ਨਾਲ ਹੀ ਪੂਰਵ ਵਿੱਚ ਮਾਗਧੀ ਪ੍ਰਾਕ੍ਰਿਤ (ਵਰਤਮਾਨ ਬਿਹਾਰੀ, ਬੰਗਾਲੀ, ਅਸਾਮੀ ਅਤੇ ਉੜੀਆ ਦੀ ਪੁਰਾਣੀ ਭਾਸ਼ਾ) ਅਤੇ ਪੱਛਮ ਵਿੱਚ ਸ਼ੋਰਸੈਣੀ ਪ੍ਰਾਕ੍ਰਿਤ ਅੱਜ ਕਲ ਦੀ (ਪੱਛਮੀ ਹਿੰਦੀ, ਯਾਨੀ ਖੜੀ ਬੋਲੀ, ਬ੍ਰਜ, ਬੁੰਦੇਲੀ, ਕਨੌਜੀ, ਵਾਂਗਰੂ, ਹਰਿਆਣਵੀ, ਪਹਾੜੀ, ਡੋਗਰੀ ਅਤੇ ਪੰਜਾਬੀ ਦੀ ਪੁਰਾਣੀ ਭਾਸ਼ਾ) ਬੋਲਣ ਵਾਲੇ ਵੀ ਉਨ੍ਹਾਂ ਨੂੰ ਸਮਝ ਸਕਦੇ ਸਨ। ਇਸ ਪ੍ਰਕਾਰ ਭਾਸ਼ਾ ਦੇ ਮਾਮਲੇ ਵਿੱਚ ਵੀ ਮਹਾਵੀਰ ਅਪਣੀ ਲੋਕਵਾਦੀ ਸੋਚ ਦੇ ਕਾਰਨ ਬਹੁਤ ਵੱਡੇ ਭੂਗੋਲ ਵਿੱਚ ਮਨੁੱਖਾਂ ਨਾਲ ਸੰਵਾਦ ਪੈਦਾ ਕਰ ਸਕੇ। ਉਨ੍ਹਾਂ ਦੀ ਭਾਸ਼ਾ ਨੂੰ ਅਣ ਅੱਖਰੀ, ਸਰਵ ਭਾਸ਼ਾ ਸੁਭਾਵ ਵਾਲੀ, ਦਿੱਵਯਧੱਵਨੀ, ਆਦਿ ਆਖਕੇ ਜੈਨ ਆਗਮਾ ਨੇ ਉਸ ਨੂੰ ਗ੍ਰਹਿਣ ਕਰਨ ਵੱਲ ਇਸ਼ਾਰਾ ਕੀਤਾ ਹੈ।

ਵਸਤੂ ਸਵਰੂਪ ਦੀ ਸਹੀ ਸਮਝ ਦੇ ਕਾਰਨ ਮਹਾਵੀਰ ਦੀ ਦ੍ਰਿਸ਼ਟੀ ਅਤੇ ਚਿੰਤਨ ਵਿੱਚ 'ਹੀ' ਦੀ ਹੀ ਦ੍ਰਿੜਤਾ ਨਹੀਂ 'ਭੀ' ਵੀ ਸਮਾਇਆ ਹੋਇਆ ਹੈ। ਉਹ ਚਾਹੁੰਦੇ ਹਨ ਕਿ ਦੂਸਰੇ ਦੇ ਲਈ ਹਾਸ਼ਿਆ ਛੱਡ ਦਿੱਤਾ ਜਾਵੇ। ਦੂਸਰੇ ਦੇ ਲਈ ਹਾਸ਼ਿਆ ਛੱਡਣਾ ਬੁਜਦਿਲੀ ਨਹੀਂ ਸਗੋਂ ਉੱਚੇ ਦਰਜ਼ੇ ਦੀ ਬਹਾਦਰੀ ਹੈ। ਦੇਸ਼ ਦੀ ਰਾਖੀ ਦੇ ਲਈ ਸਮਿਅਕ ਗਿਆਨ ਨਾਲ ਦੁਸ਼ਮਨ ਦਾ ਕਤਲ ਵੀ ਹਿੰਸਾ ਨਹੀਂ। ਹਿੰਸਾ ਤਾਂ ਹੈ ਜਦ ਉਹ ਆਲਸ ਅਤੇ ਹੰਕਾਰ ਦੇ ਵੱਸ਼ ਹੋਕੇ ਕਿਸੇ ਦੇ ਸੁੱਖ ਜਾਂ ਪ੍ਰਾਣਾਂ ਦਾ ਖਾਤਮਾ ਕੀਤਾ ਜਾਵੇ। ਉਮਾ ਸਵਾਮੀ ਨੇ ਮਹਾਵੀਰ ਦੇ ਮੱਤ ਨੂੰ ਤੱਤਵਾਰਥ ਸੂਤਰ 7/13 ਵਿੱਚ ਸਪੱਸ਼ਟ ਕਰਦੇ ਹੋਏ ਆਖਿਆ ਹੈ, "ਜੀਵਾਂ ਦਾ ਮਰਨਾ ਵੀ ਉਸੇ ਸਮੇਂ ਹੁੰਦਾ ਹੈ, ਜਦ ਉਹ ਅਣਗਹਿਲੀ ਜਾਂ ਪ੍ਰਮਾਦ ਨਾਲ ਕੀਤਾ ਜਾਂਦਾ ਹੈ। ਮਹਾਵੀਰ ਰਾਗ ਨੂੰ ਹਿੰਸਾ ਦਾ ਪੈਦਾ ਕਰਨ ਵਾਲਾ ਮੰਨਦੇ ਹਨ। ਰਾਗ ਚਾਹੇ ਸ਼ਰੀਰ ਪ੍ਰਤੀ ਹੋਵੇ ਜਾਂ ਭੂਮੀ, ਸੱਤਾ, ਸੰਪਤੀ ਦਾ ਰਾਗ ਹਿੰਸਾ ਵੱਲ ਲੈ ਜਾਂਦਾ ਹੈ। ਅਜਿਹੇ ਸਾਰੇ ਰਾਗ ਦੇ ਕਾਰਨ ਹਿੰਸਕ ਹੋਏ ਪਾਕਿਸਤਾਨ 1947 ਵਿੱਚ ਕਸ਼ਮੀਰ ਤੇ ਕਬਾਇਲੀ ਹਮਲਾ ਕੀਤਾ, ਸ਼੍ਰੀਨਗਰ ਨੂੰ ਖਤਰਾ ਵਧਨ ਲੱਗਾ ਤਾਂ ਮਹਾਰਾਜਾ ਹਰੀ ਸਿੰਘ ਨੇ ਰਾਜ ਦਾ ਭਾਰਤ ਵਿੱਚ ਮਿਲਾਉਣ ਦਾ ਫੈਸਲਾ ਕੀਤਾ। ਹੁਣ ਅਪਣੇ ਦੇਸ਼ ਨੂੰ ਬਚਾਉਣ ਦੇ ਲਈ ਭਾਰਤੀ ਫੋਜ ਨੂੰ

ਬਿਨ੍ਹਾਂ ਕਿਸੇ ਦੇਰੀ ਤੋਂ ਸਰਹਦ ਤੇ ਭੇਜਣ ਦੀ ਜ਼ਰੂਰਤ ਸੀ। ਡਰ ਸੀ ਕਿ ਕੀਤੇ ਗਾਂਧੀ ਜੀ ਫੋਜ ਭੇਜਣ ਦਾ ਵਿਰੋਧ ਨਾ ਕਰਨ, ਪਰ ਮਹਾਤਮਾ ਗਾਂਧੀ ਨੂੰ ਮਹਾਵੀਰ ਦੀ ਦ੍ਰਿਸ਼ਟੀ ਦੀ ਇਕ ਦਮ ਸਹੀ ਪਕੜ ਸੀ, ਉਨ੍ਹਾਂ ਸਾਰੀਆਂ ਸੰਕਾਵਾਂ ਨੂੰ ਨਿਰਮੂਲ ਸਿੱਧ ਕਰਦੇ ਹੋਏ ਭਾਰਤੀ ਫੋਜਾਂ ਨੂੰ ਲੈ ਜਾਣ ਵਾਲੇ ਹਵਾਈ ਜ਼ਹਾਜਾਂ ਨੂੰ ਸ਼ਾਂਤੀ ਦਾ ਦੂਤ ਆਖਿਆ।

ਜੀਵਨ ਨੂੰ ਬਣਾਕੇ ਰੱਖਣ ਦੇ ਲਈ ਥੋੜੀ ਬਹੁਤੀ ਹਿੰਸਾ ਤਾਂ ਹੋਵੇਗੀ ਹੀ। ਚੱਲਣ ਫਿਰਨ, ਨਹਾਉਣ ਧੋਨ, ਉੱਠਨ ਬੈਠਣ, ਖਾਣਾ ਬਣਾਉਨ ਜਿਹੇ ਕੰਮਾਂ ਵਿੱਚ ਜੋ ਹਿੰਸਾ ਹੁੰਦੀ ਹੈ, ਮਾਹਵੀਰ ਉਸ ਨੂੰ **ਆਰੰਭੀ ਹਿੰਸਾ** ਕਹਿੰਦੇ ਹਨ। ਨੋਕਰੀ, ਖੇਤੀ, ਧੰਦਾ ਆਦਿ ਰਾਹੀਂ ਗੁਜਾਰੇ ਲਈ ਜੋ ਹਿੰਸਾ ਹੁੰਦੀ ਹੈ, ਉਹ **ਉਦਯੋਗੀ ਹਿੰਸਾ** ਹੈ। ਆਪਣੀ ਇਜ਼ਤ, ਸੰਪਤੀ ਅਤੇ ਦੇਸ਼ ਦੀ ਰੱਖਿਆ ਕਰਨ ਵਿੱਚ, ਆਂਤਕ ਅਤੇ ਹਮਲੇ ਦੇ ਵਿਰੁੱਧ ਉੱਠ ਖੜ੍ਹੇ ਹੋਣ ਵਾਲੀ ਹਿੰਸਾ **ਵਿਰੋਧੀ ਹਿੰਸਾ** ਹੈ। ਅੱਜ ਦੀ ਦੁਨਿਆ ਵਿੱਚ ਇਹ ਆਏ ਦਿਨ ਦੀ ਜ਼ਰੂਰਤ ਬਣਦੀ ਜਾ ਰਹੀ ਹੈ। ਜੰਗ ਥੋਪਣਾ, ਫਿਰਕਾ ਪ੍ਰਸਤੀ ਦਾ ਜ਼ਹਿਰ ਫੈਲਾਉਣਾ, ਸ਼ਿਕਾਰ ਕਰਨਾ, ਧਾਰਮਿਕ ਕ੍ਰਿਆਵਾਂ ਵਿੱਚ ਬਲੀ ਚੜਾਉਣਾ, ਦੁਸਰਿਆਂ ਨੂੰ ਗੁਲਾਮ ਕਰਨਾ, ਪਰਾਈ ਜਮੀਨ ਤੇ ਕਬਜ਼ਾ ਆਦਿ ਵਿੱਚ ਜੋ ਹਿੰਸਾ ਹੁੰਦੀ ਹੈ, ਉਹ **ਸੰਕਲਪੀ ਹਿੰਸਾ** ਹੈ। ਆਰੰਭੀ, ਉਦਯੋਗੀ ਅਤੇ ਪ੍ਰਤੀਰੋਧੀ ਹਿੰਸਾਵਾਂ ਹਨ ਤਾਂ ਹਿੰਸਾ ਹੀ, ਪਰ ਇਨ੍ਹਾਂ ਤੋਂ ਪੂਰੀ ਤਰ੍ਹਾਂ ਬਚਨਾ ਸੰਭਵ ਨਹੀਂ। ਅਜਿਹੇ ਵਿੱਚ ਇਨ੍ਹਾਂ ਵਿੱਚ ਸਾਡੀ ਦ੍ਰਿਸ਼ਟੀ ਘੱਟ ਹਿੰਸਾ ਦੀ ਰਹਿਣੀ ਚਾਹਿਦੀ ਹੈ। ਇਹ ਹਿੰਸਾਵਾਂ ਸਾਡੀ ਮਜ਼ਬੂਰੀ ਹੋਣ, ਸਾਡੇ ਰਾਗ ਆਦਿ ਦੀ ਸਾਡੇ ਹੰਕਾਰ ਦੀ ਉਪਜ ਨਹੀਂ। ਸੰਕਲਪੀ ਹਿੰਸਾ ਨਾ ਜੀਵਨ ਦੇ ਲਈ ਜ਼ਰੂਰੀ ਹੈ ਨਾ ਦੇਸ਼ ਅਤੇ ਪਰਿਵਾਰ ਦੇ ਲਈ। ਅਪਣੇ ਰਾਗ ਅਤੇ ਹੰਕਾਰ ਦੇ ਸੰਤੋਖ ਦੇ ਲਈ ਹੀ ਅਸੀਂ ਸੰਕਲਪੀ ਹਿੰਸਾ ਕਰਦੇ ਹਾਂ। ਇਹ ਆਤਮਾ ਦਾ ਪਤਨ ਕਰਦੀ ਹੈ ਅਤੇ ਪਾਪ ਹੈ। ਮਹਾਵੀਰ ਇਸ ਨੂੰ ਕਠੋਰਤਾ ਨਾਲ ਰੋਕਦੇ ਹਨ।

ਹਿੰਸਾ ਚਾਹੇ ਕਿਸੇ ਵੀ ਪ੍ਰਕਾਰ ਦੀ ਹੋਵੇ। ਉਸ ਸੱਤਾ ਦੀ ਅਤੇ ਪਾਪ ਕਰਤਾ ਦਾ ਨਿਰਧਾਰਨ ਉਸ ਵਿੱਚ ਲੱਗੇ ਵਿਅਕਤੀ ਦੀ ਭਾਵਨਾ ਅਤੇ ਸਭ ਤੋਂ ਘੱਟ, ਜ਼ਰੂਰਤ ਦੀ ਹੱਦ, ਦੇ ਆਧਾਰ ਤੇ ਹੁੰਦਾ ਹੈ। ਭੋਤਿਕ ਰੂਪ ਵਿੱਚ ਹਿੰਸਾ

ਚਾਹੇ ਨਾ ਹੋਵੇ ਪਰ ਜੇ ਮੱਨ ਵਿੱਚ ਉਸ ਦਾ ਭਾਵ ਆ ਗਿਆ ਹੈ ਤਾਂ ਉਸ ਦਾ ਵੀ ਕਰਮ ਬੰਧਨ ਹੁੰਦਾ ਹੈ, ਪਾਪ ਲੱਗਦਾ ਹੈ, ਇਹ ਭਾਵ ਹਿੰਸਾ ਹੈ, ਆਚਾਰਿਆ ਅਮ੍ਰਿਤ ਚੰਦਰ ਨੇ ਜੈਨ ਆਗਮ (ਪੁਰਸ਼ਾਰਥ ਸਿਧੀ ਸਮ ਉਪਾਏ, ਸ਼ਲੋਕ 140) ਦਾ ਸਾਰ ਰੂਪ ਫਰਮਾਇਆ ਹੈ ਕਿ ਆਤਮਾ ਵਿੱਚ ਰਾਗ, ਦਵੇਸ਼, ਮੋਹ ਆਦਿ ਦੀ ਉਤਪਤੀ, ਹਿੰਸਾ ਅਤੇ ਉਤਪਤੀ ਨਾ ਹੋਣਾ ਅਹਿੰਸਾ ਹੈ। ਭਾਵ ਹਿੰਸਾ ਪਹਿਲਾਂ ਸਾਡੇ ਅੰਦਰ ਹੀ ਪੈਦਾ ਹੁੰਦੀ ਹੈ, ਇਸੇ ਲਈ ਦੂਸਰੇ ਦੀ ਹਿੰਸਾ ਕਰਨ ਤੋਂ ਪਹਿਲਾਂ ਅਸੀਂ ਖੁਦ ਅਪਣੀ ਹਿੰਸਾ, ਖੁਦ ਅਪਣੀ ਆਤਮਾ ਦਾ ਨੁਕਸਾਨ ਕਰ ਚੁਕਦੇ ਹਾਂ। ਜਿਸ ਭਾਂਡੇ ਵਿੱਚ ਅੱਗ ਜਲਦੀ ਹੋਵੇਗੀ ਉਹੀ ਤਾਂ ਪਹਿਲਾਂ ਜ਼ਿਆਦਾ ਤਪੇਗਾ। ਭੋਤਿਕ ਰੂਪ ਵਿੱਚ ਘੱਟਣ ਵਾਲੀ ਹਿੰਸਾ ਦ੍ਰਵ ਹਿੰਸਾ ਹੈ। ਜੇ ਉਹ ਭਾਵ ਹਿੰਸਾ ਦੇ ਬਿਨ੍ਹਾਂ ਹੋਵੇ ਤਾਂ ਇੱਕ ਦੁਰਘਟਨਾ ਹੈ। ਫੇਰ ਵੀ ਉਸ ਦਾ ਕੁਝ ਨਾ ਕੁਝ ਪ੍ਰਭਾਵ ਕਰਤਾ ਦੀ ਆਤਮਾ ਤੇ ਪੈਂਦਾ ਹੀ ਹੈ। ਇੱਥੇ ਭਾਵ ਅਤੇ ਦ੍ਰਵ ਦੋਹੇਂ ਹੀ ਹਿੰਸਾਵਾਂ ਹੋਣ ਉੱਥੇ ਜ਼ਿਆਦਾ ਬੜੇ ਪਾਪ ਦਾ ਬੰਧਨ ਹੋਣਾ ਸੁਭਾਵਕ ਹੀ ਹੈ। ਆਰੰਭੀ, ਉਦਯੋਗੀ ਅਤੇ ਵਿਰੋਧੀ ਹਿੰਸਾ ਜੇ ਸਭ ਤੋਂ ਘੱਟ ਅਤੇ ਜ਼ਰੂਰਤ ਦੀ ਲੱਛਮਣ ਰੇਖਾ ਨੂੰ ਪਾਰ ਕਰਕੇ ਗੈਰ ਜ਼ਰੂਰੀ ਖੇਤਰ ਵਿੱਚ ਪ੍ਰਵੇਸ਼ ਕਰ ਜਾਣ ਤਾਂ ਉਹ ਵੀ ਪਾਪ ਨਾਲ ਜੋੜਦੀ ਹੈ। ਗੈਰ ਜ਼ਰੂਰੀ ਦੀ ਖਿੱਚ ਅਸਾਨੀ ਨਾਲ ਖਤਮ ਨਹੀਂ ਹੁੰਦੀ। ਤਰਕ ਦਿੱਤਾ ਜਾਂਦਾ ਹੈ ਕਿ ਪਰਿਗ੍ਰਹਿ ਤੱਦ ਹੀ ਪਰਿਗ੍ਰਹਿ ਹੈ ਜਦ ਉਸ ਨਾਲ ਸਾਡੀ ਮੂੱਰਛਾ (ਲਗਾਉ) ਹੋਵੇ। ਪਰ ਪਰਿਗ੍ਰਹਿ ਸਾਨੂੰ ਮੂੱਰਛਾ / ਮਾਨਸਿਕ ਜੋੜ / ਲਿਬੜਨ ਅਤੇ ਲਾਲਸਾ ਤੋਂ ਬਚਿਆ ਹੀ ਨਹੀਂ ਜਾਂਦਾ। ਇਸੇ ਲਈ ਤਾਂ ਮਹਾਵੀਰ ਨੇ ਉਸ ਨੂੰ ਰਾਈ ਰਤੀ ਤੱਕ ਛੱਡ ਦਿੱਤਾ ਸੀ ਫੇਰ ਮੂੱਰਛਾ ਨਾ ਹੋਵੇ ਤੱਦ ਭਾਵ ਹਿੰਸਾ ਦੇ ਪਾਪ ਢੋਹਨ ਤੋਂ ਅਸੀਂ ਭਲਾ ਹੀ ਬੱਚ ਜਾਈਏ, ਪਰ ਸਭ ਤੋਂ ਘੱਟ ਦੀ ਹੱਦ ਦਾ ਉਲੰਘਣ ਕਰਕੇ ਦ੍ਰਵ ਹਿੰਸਾ ਦੇ ਪਾਪ ਨੂੰ ਤਾਂ ਢੋਵਾਂਗੇ ਹੀ। ਮਹਾਵੀਰ ਦੇ ਲਈ ਅਹਿੰਸਾ ਸਭ ਤੋਂ ਵੱਡਾ ਜੀਵਨ ਮੁੱਲ ਹੈ। ਉਹ ਅਹਿੰਸਾ ਨੂੰ ਧਰਮ ਦੀ ਅੱਖ ਤੋਂ ਨਹੀਂ ਸਗੋਂ ਧਰਮ ਨੂੰ ਅਹਿੰਸਾ ਦੀ ਅੱਖ ਨਾਲ ਵੇਖਦੇ ਹਨ।

ਜੋ ਵਸਤੂ ਵਿਰੋਧ ਅਤੇ ਮੁਕਾਬਲਾ ਕਰਨ ਵਿੱਚ ਸਮਰਥ ਨਹੀਂ ਹੈ, ਉਸੇ ਹਿੰਸਾ ਨੂੰ ਉਦੇਸ਼ ਬਣਾਉਂਦੇ ਸਮੇਂ ਸਾਡਾ ਹਿਰਦਾ ਕਸ਼ਾਏ (ਵਿਕਰਤੀਆਂ) ਦੀ

ਪਕੜ ਵਿੱਚ ਆਮ ਤੌਰ ਤੇ ਘੱਟ ਰਹਿੰਦਾ ਹੈ। ਇਸੇ ਲਈ ਅਜਿਹੀ ਹਿੰਸਾ ਵਿੱਚ ਘੱਟ ਪਾਪ ਲੱਗਦਾ ਹੈ। ਇਸ ਤੋਂ ਉੱਲਟ ਠੀਕ ਵਿਰੋਧ ਅਤੇ ਮੁਕਾਬਲਾ ਕਰਨ ਵਿੱਚ ਯੋਗ ਵਸਤੂ ਅਸਾਨੀ ਨਾਲ ਸਾਡੇ ਕਾਬੂ ਵਿੱਚ ਨਹੀਂ ਆਉਂਦੀ। ਸਾਨੂੰ ਜ਼ਿਆਦਾ ਹਮਲਾਵਰ ਹੋਕੇ ਪੇਸ਼ ਹੋਣਾ ਪੈਂਦਾ ਹੈ। ਸਿੱਟੇ ਵਜੋਂ ਅਸੀਂ ਕਰੋਧ, ਮਾਨ, ਮਾਇਆ, ਲੋਭ ਜਿਹੇ ਕਸ਼ਾਏ ਦੀ ਪਕੜ ਵਿੱਚ ਪਹੁੰਚ ਜਾਂਦੇ ਹਾਂ ਅਤੇ ਵਧੇਰੇ ਕਠੋਰ ਕਰਮ ਬੰਧਨ ਦੇ ਸ਼ਿਕਾਰ ਹੁੰਦੇ ਹਾਂ, ਫਲ, ਫੁੱਲ, ਤੋੜਨ ਜਾਂ ਦੱਰਖਤ ਉਖਾੜਨ ਦੀ ਤੁਲਨਾ ਤੋਂ ਪਸ਼ੂ ਜਾਂ ਮਨੁੱਖ ਦਾ ਕਤਲ ਜ਼ਿਆਦਾ ਪਾਪ ਹੈ।

ਸੰਸਾਰ ਵਿੱਚ ਫੈਲੇ ਸਾਰੀ ਹੋਂਦ ਨੂੰ ਮਹਾਵੀਰ ਨੇ ਛੇ ਦ੍ਰਵਾਂ ਵਿੱਚ ਵੰਡਿਆ ਹੈ – ਜੀਵ (ਆਤਮਾ), ਪੁੱਦਗਲ, ਧਰਮ, ਅਧਰਮ, ਅਕਾਸ਼ ਅਤੇ ਕਾਲ। ਜੀਵ ਦ੍ਰਵ ਅੰਨਤ ਹੈ, ਪੁੱਦਗਲ ਉਸ ਤੋਂ ਜ਼ਿਆਦਾ ਅੰਨਤ ਹੈ, ਧਰਮ, ਅਧਰਮ ਅਤੇ ਅਕਾਸ਼ ਦ੍ਰਵ ਇਕ ਇਕ ਹਨ। ਕਾਲ ਦ੍ਰਵ ਅਸੰਖਿਆਤ ਹੈ। ਆਤਮਾ ਚੇਤਨ ਹੈ, ਇਸੇ ਲਈ ਮਹਾਵੀਰ ਉਸ ਨੂੰ ਜੀਵ ਆਖਦੇ ਹਨ। ਹੋਰ ਸਾਰੇ ਦ੍ਰਵ ਅਚੇਤਨ ਹਨ, ਪੁਦਗਲ ਮੂਰਤ (ਸ਼ਕਲ) ਵਾਲਾ ਹੈ, ਹੋਰ ਸਾਰੇ ਦ੍ਰਵ ਅਮੂਰਤ ਸ਼ਕਲ ਰਹਿਤ ਹਨ। ਰੂਪ, ਰਸ ਗੰਧ, ਅਤੇ ਸਪਰਸ਼ ਤੋਂ ਰਹਿਤ ਹਨ। ਉਨ੍ਹਾਂ ਨੂੰ ਇੰਦਰੀਆਂ ਦੇ ਰਾਹੀਂ ਨਹੀਂ ਜਾਣ ਸਕਦੇ। ਜੀਵ ਅਤੇ ਪੁੱਦਗਲ ਕ੍ਰਿਆਸ਼ੀਲ ਹਨ, ਬਾਕੀ ਚਾਰੇ ਦ੍ਰਵ ਕ੍ਰਿਆ ਨਹੀਂ ਕਰਦੇ। ਧਰਮ, ਅਧਰਮ ਅਕਾਸ਼ ਅਤੇ ਕਾਲ ਸਿਲਸਿਲੇਵਾਰ ਗਤੀ, ਸਥਿਤੀ ਅਵਗਾਹਨ ਜਾਂ ਅਵਕਾਸ਼ (ਸਥਾਨ ਦੇਣਾ) ਅਤੇ ਪਰੀਣਮਨ ਜਾਂ ਰੂਪਾਂਤਰਨ ਨਾਲ ਜੁੜੇ ਹਨ। ਜੈਨ ਗ੍ਰੰਥਾਂ (ਆਗਮ) ਵਿੱਚ ਇਹ ਅੱਜ ਦੇ ਅਪਣੇ ਪ੍ਰਚਲਤ ਅਰਥਾਂ ਵਿੱਚ ਇਸਤਮਾਲ ਨਹੀਂ ਹੁੰਦੇ, ਰੂਪ / ਵਰਨ ਰਸ ਗੰਧ ਅਤੇ ਸਪਰਸ਼ ਵਾਲਾ ਜੋ ਕੁਝ ਵਿਖਾਈ ਦਿੰਦਾ ਹੈ ਉਹ ਸਭ ਪੁਦਗਲ ਹੈ। ਜੈਨ ਗ੍ਰੰਥਾਂ ਦੀ ਦ੍ਰਿਸ਼ਟੀ ਸ਼ਬਦ ਨੂੰ ਪੁਦਗਲ ਦਾ ਗੁਣ ਨਹੀਂ ਪਰੀਆਏ (ਪ੍ਰਕਾਰ / ਭੇਦ / ਅੰਸ਼ / ਅਵਸਥਾ) ਮੰਨਦੀ ਹੈ। ਦੇਹ ਵੀ ਪੁਦਗਲ ਹੈ, ਚੇਤਨ ਆਤਮਾ ਤੋਂ ਉਸ ਦਾ ਸੰਜੋਗ ਟੁੱਟਦੇ ਹੀ, ਉਸ ਦਾ ਅਚੇਤਨਪੁਨਾ ਅਤੇ ਪੁੱਦਗਲ ਰੂਪ ਤੁਰੰਤ ਸਪਸ਼ਟ ਹੋ ਜਾਂਦਾ ਹੈ ਇਸ ਲਈ ਮਹਾਵੀਰ ਨੇ ਜੀਵ

(ਆਤਮਾ) ਨੂੰ ਦੇਹ ਤੋਂ ਭਿੰਨ ਅਤੇ ਵੱਖ ਮੰਨ ਦੇ ਦ੍ਰਿੜ ਵਿਸ਼ਵਾਸ ਨੂੰ ਸਮਿਅਕ ਦਰਸ਼ਨ ਦੀ ਇਕ ਖਾਸ ਜ਼ਰੂਰਤ ਮੰਨਿਆ ਹੈ।

ਚੇਤਨ ਹੋਣ ਦੇ ਕਾਰਨ ਜੀਵ ਦ੍ਰਵ ਨੂੰ ਹੀ ਸੁਖ ਦੁਖ ਹੁੰਦਾ ਹੈ ਦੂਸਰੇ ਦ੍ਰਵਾਂ ਵਿੱਚ ਨਾ ਤਾਂ ਗ੍ਰਹਿਣਸ਼ੀਲ ਬੁੱਧੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਸੁਖ ਦੁੱਖ ਦਾ ਅਹਿਸਾਸ ਹੁੰਦਾ ਹੈ। ਇਹੀ ਕਾਰਨ ਹੈ ਕਿ ਮਹਾਵੀਰ ਦੀ ਚਿੰਤਨ ਅਤੇ ਵਿਆਖਿਆ ਦਾ ਕੇਂਦਰ ਬਿੰਦੂ ਜੀਵ ਜਾਂ ਆਤਮਾ ਹੀ ਹੈ। ਹੋਰ ਦ੍ਰਵਾਂ ਦੀ ਚਰਚਾ ਉਨ੍ਹਾਂ ਨੇ ਅਕਸਰ ਜੀਵ ਤੋਂ ਭਿੰਨਤਾ ਨਾਲ ਵਰਨਣ ਕਰਨ ਦੇ ਲਈ ਕੀਤੀ ਹੈ।

ਆਤਮਾ ਕਰਮ ਤੋਂ ਹੀ ਪੁਨਰਜਨਮ, ਸਵਰਗ, ਨਰਕ, ਮਨੁੱਖ ਜਨਮ, ਪਸ਼ੂ ਜਨਮ ਆਦਿ ਪ੍ਰਾਪਤ ਕਰਦੀ ਹੈ। ਪਰ ਕਰਮ ਜਾਲ ਵਿੱਚ ਫਸਨਾ ਨਾ ਫਸਨਾ, ਫਸ ਜਾਣ ਤੋਂ ਬਾਅਦ ਉਸ ਨੂੰ ਕੱਟ ਕੇ ਬਾਹਰ ਨਿਕਲਣਾ ਆਤਮਾ ਦੇ ਆਪਣੇ ਹੱਥ ਵਿੱਚ ਹੈ। ਇਸੇ ਲਈ ਕਰਮਾਂ ਦੀ ਗਤੀ ਕਿਨ੍ਹੀ ਹੀ ਨਿਆਰੀ ਹੋਵੇ, ਮਹਿਨਤ ਦੇ ਸਾਹਮਣੇ ਉਸ ਦੀ ਨਹੀਂ ਚੱਲਦੀ। ਆਤਮਾ ਖੁਦ ਅਪਣਾ ਫੈਸਲਾ ਕਰਨ ਵਾਲਾ ਹੈ। ਉਸ ਤੋਂ ਇਲਾਵਾ ਉਸ ਤੇ ਬਾਹਰ ਦੀ ਸ਼ਕਤੀ ਕਾਬੂ ਕਰਨ ਵਾਲੀ ਨਹੀਂ ਹੈ। ਸ਼੍ਰਿਸ਼ਟੀ ਦੇ ਕਿਸੇ ਅਖੌਤੀ ਫੈਸਲਾ ਕਰਨ ਵਾਲੇ ਅਤੇ ਉਸ ਦੀ ਕ੍ਰਿਪਾ – ਅਕ੍ਰਿਪਾ ਜਾਂ ਜਨਮ ਅਤੇ ਜਾਤ ਨਫਾ ਨੁਕਸਾਨ ਵਿੱਚ ਵੀ ਮਹਾਵੀਰ ਦਾ ਵਿਸ਼ਵਾਸ ਨਹੀਂ ਹੈ। ਫੇਰ ਵੀ ਇਨ੍ਹਾਂ ਤਾਂ ਹੈ ਕਿ ਜਦ ਤੱਕ ਆਤਮਾ ਕਰਮ ਦੇ ਜਾਲ ਵਿੱਚ ਹੈ ਤੱਦ ਤੱਕ ਉਸਦਾ ਜਾਲ ਉਸ ਦਾ ਫੈਸਲਾ ਕਰਨ ਵਾਲਾ ਹੈ। ਆਚਾਰਿਆ ਯੋਗਇੰਦੂ (ਛੇਵੀਂ ਸਦੀ) ਨੇ ਅੱਪਭਰੰਸ਼ ਭਾਸ਼ਾ ਤੇ ਅਪਣੇ ਮਸ਼ਹੂਰ ਗ੍ਰੰਥ ਪ੍ਰਮਾਤਮ ਪ੍ਰਕਾਸ਼ ਦੋਹਾ 66 ਵਿੱਚ ਕਿਹਾ ਹੈ – ਆਤਮਾ ਤਾਂ ਲਾਚਾਰ ਹੈ, ਉਹ ਖੁਦ ਕੀਤੇ ਆਉਂਦੀ ਜਾਂਦੀ ਨਹੀਂ, ਤਿੰਨ ਲੋਕਾਂ ਵਿੱਚ ਉਸ ਨੂੰ ਲੈ ਕੇ ਜਾਣ ਵਾਲਾ ਕਰਮ ਹੀ ਹੈ। ਕਰਮ ਦੇ ਬੰਧਨ ਦਾ ਖੇਲ ਸਮਝਾਉਣ ਦੇ ਲਈ ਮਹਾਵੀਰ ਨੇ ਆਤਮਾ ਨੂੰ ਦੋ ਸ਼ਰੀਰਾਂ ਨਾਲ ਘਿਰਿਆ ਮੰਨਿਆ ਹੈ।

1. ਸਥੂਲ ਸਰੀਰ: ਮਾਂ ਦੇ ਪੇਟ ਤੋਂ ਪ੍ਰਾਪਤ ਹੁੰਦਾ ਹੈ, ਇਹ ਜਿੰਦਗੀ ਦਾ ਸਾਥੀ ਹੈ। ਮੌਤ ਹੁੰਦੇ ਹੀ ਇਸ ਨੂੰ ਜਲ੍ਹਾ ਕੇ / ਦਫਨਾ ਕੇ ਨਸ਼ਟ ਕਰ ਦਿੱਤਾ ਜਾਂਦਾ ਹੈ। ਮਨੁੱਖ ਅਤੇ ਤ੍ਰਿਯੰਚ ਯਾਨੀ ਪਸ਼ੂ ਪੰਛੀ ਆਦਿ ਦੀਆਂ

ਜੂਨਾਂ ਵਿੱਚ ਇਹ ਨਾਮ ਔਦਾਰਿਕ ਅਤੇ ਦੇਵਤਾ ਅਤੇ ਨਰਕ ਜੂਨਾਂ ਵਿੱਚ ਇਹ ਇਕ ਜੀਵਨ ਦੀ ਪਰਿਵਰਤਨਸ਼ੀਲਤਾ ਦੀ ਤਾਕਤ ਦਾ ਕਾਰਨ ਵੈਕਰਿਆ ਸ਼ਰੀਰ ਹੈ।

2. ਅਦਿਖ ਸ਼ੁਖਮ ਸਰੀਰ: ਜਨਮ ਜਨਮਾਂਤਰਾਂ ਦੇ ਕਰਮਾਂ ਦੇ ਜਮ੍ਹਾਂ ਖਰਚ ਦਾ ਸਿੱਟਾ ਹੈ। ਚਾਰ ਗਤੀਆਂ, 84 ਲੱਖ ਜੂਨਾਂ ਵਿੱਚ ਆਤਮਾ ਇਸ ਨੂੰ ਢੋਂਦੀ ਹੈ। ਇਹ ਹੀ ਉਸ ਦਾ ਅਸਲ ਜੇਲਖਾਨਾ ਹੈ, ਇਹ ਕਾਰਮਨ ਸਰੀਰ ਹੈ, ਸਾਡੇ ਮਨ, ਵਚਨ ਅਤੇ ਸਰੀਰ ਦੇ ਆਚਰਨ ਤੋਂ ਯਾਨੀ ਸਾਡੇ ਕਰਮਾਂ ਤੋਂ ਕ੍ਰਿਆਵਾਨ ਹੋ ਕੇ ਪੁਦਗਲ ਦੀਆਂ ਭਿੰਨ ਭਿੰਨ ਵਰਗਨਾਵਾਂ (ਸੰਸਾਰ ਵਿੱਚ ਫੈਲੇ ਅੰਨਤ ਪ੍ਰਮਾਣੂ ਕੰਨ) ਹਰ ਰੋਜ ਲਗਾਤਾਰ ਸਾਡੀ ਆਤਮਾ ਖਿੱਚੀ ਜਾਂਦੀ ਹੈ। ਉਨ੍ਹਾਂ ਦਾ ਆਉਣਾ ਸਾਡੇ ਕਰਮਾਂ ਤੋਂ ਹੁੰਦਾ ਹੈ। ਉਨ੍ਹਾਂ ਨੂੰ ਆਤਮਾ ਵੱਲ ਲੈ ਕੇ ਜਾਣ ਵਿੱਚ ਕਰਮਾਂ ਦੀ ਹੀ ਇਕ ਮਾਤਰ ਅਤੇ ਸੰਪੂਰਨ ਭੂਮਿਕਾ ਹੁੰਦੀ ਹੈ। ਇਸ ਲਈ ਉਨ੍ਹਾਂ ਨੂੰ ਵੀ ਕਰਮ ਜਾਂ ਕਰਮਾਂ ਨੂੰ ਆਖਣ ਦੀ ਪ੍ਰੰਪਰਾ ਹੈ। ਭਾਸ਼ਾ ਇਸੇ ਤਰ੍ਹਾਂ ਨਾਉਂ ਕਰਦੀ ਹੈ। ਪਤੀ ਦੀ ਭੈਣ ਕਸ਼ਟ ਦੇਣ ਤੇ ਇਕ ਸੀਮਤ ਅਤੇ ਅੰਸ਼ ਮਾਤਰ ਭੂਮਿਕਾ ਨਿਭਾਉਂਦੀ ਹੋਏਗੀ ਪਰ ਸਾਡੀ ਭਾਸ਼ਾ ਉਸ ਨੰਦ (ਆਨੰਦ ਨਾ ਦੇਣ ਵਾਲੀ) ਆਖੀ ਜਾ ਰਹੀ ਹੈ। ਪੁਦਗਲ ਦੀਆਂ ਭਿੰਨ ਵਰਗਨਾਵਾਂ ਸਾਡੇ ਕਸ਼ਾਏ (ਮਾਨ, ਮਾਇਆ, ਕਰੋਧ, ਮੋਹ ਆਦਿ) ਦਾ ਨਮਿਤ / ਸਹਿਯੋਗ ਪਾ ਕੇ ਆਤਮਾ ਨੂੰ ਢੱਕ ਲੈਂਦੀਆਂ ਹਨ। ਜਿਵੇਂ ਕਰੀਮ ਲੱਗੇ ਚਹਿਰੇ ਤੇ ਧੂੜ ਅਤੇ ਧੂਏ ਦੀ ਤਹਿ ਜੰਮ ਜਾਂਦੀ ਹੈ ਜਾਂ ਗੀਲੀ ਗੇਂਦ ਉੱਤੇ ਮਿੱਟੀ ਜੰਮ ਜਾਂਦੀ ਹੈ (ਤੱਤਵਾਰਥ ਸੂਤਰ 8/2)। ਵਰਗਨਾਵਾਂ / ਕਰਮ ਅਣੂ ਦਾ ਆਤਮਾ ਵੱਲ ਖਿਚਿਆ ਜਾਣਾ ਕਰਮ ਦਾ ਆਸ਼ਰਵ ਅਤੇ ਆਤਮਾ ਦੇ ਨਾਲ ਉਸ ਦਾ ਧੁੱਦ ਵਿੱਚ ਪਾਣੀ ਦੀ ਤਰ੍ਹਾਂ ਘੁਲ ਮਿਲ ਜਾਣਾ ਉਸ ਦਾ ਬੰਧ ਹੈ। ਬੰਧ ਦੀ ਪੂੰਜੀ ਰੂਪ ਇਹ ਕਾਰਮਨ ਸਰੀਰ ਹੈ।

ਉਪਰੋਕਤ ਦੋਵੇਂ ਸਰੀਰ ਹੀ ਜੜ ਹਨ, ਜਦਕਿ ਆਤਮਾ ਚੇਤਨ ਹੈ। ਆਪਣੀ ਮੁਕਤੀ ਅਤੇ ਨਿਰਮਲਤਾ ਦੇ ਲਈ ਆਤਮਾ ਨੂੰ ਕਾਰਮਨ ਸਰੀਰ ਤੋਂ

ਮੁਕਤੀ ਪਾਉਣੀ ਜ਼ਰੂਰੀ ਹੈ। ਸਮਾਂ ਆਉਣ ਤੇ ਕਰਮ ਪੱਕਦੇ ਹਨ, ਇਹ ਉਹਨਾਂ ਦਾ ਪੱਕਣਾ ਜਾਂ ਉਦੇ ਜਾਂ ਫਲ ਹੈ। ਇਹ ਫਲ ਦੇ ਕੇ ਨਸ਼ਟ ਹੋ ਜਾਂਦੇ ਹਨ ਇਹ ਫੋੜੇ ਦੀ ਤਰ੍ਹਾਂ ਪੱਕ ਕੇ ਫੁਟ ਜਾਂਦਾ ਹੈ। ਫੁਟ ਗਿਆ ਤਾਂ ਆਰਾਮ ਹੋ ਗਿਆ, ਜੋ ਕਰਮ ਤੱਪਸਿਆ ਰਾਹੀਂ ਝਾੜੇ ਗਏ, ਉਹਨਾਂ ਦਾ ਖਾਤਮਾ ਹੋ ਗਿਆ। ਉਨ੍ਹਾਂ ਤੋਂ ਵੀ ਛੁੱਟੀ ਮਿਲ ਗਈ ਪਰ ਜੋ ਕਰਮ ਉਪਸ਼ਮ ਹੋ ਕੇ, ਦੱਬਕੇ ਚੇਤਨਾਂ ਵਿੱਚ ਚਲਾ ਗਿਆ, ਉਹ ਫੇਰ ਸਿਰ ਉੱਠਾ ਸਕਦਾ ਹੈ। ਉਸ ਦੀ ਦੱਬੀ ਵਾਸ਼ਨਾ ਤ੍ਰਿਪਤੀ ਦੀ ਮੰਗ ਕਰ ਸਕਦੀ ਹੈ ਅਤੇ ਮਨੁੱਖ ਨੂੰ ਆਂਤੰਕ (ਡਰ) ਵਿੱਚ ਰੱਖ ਸਕਦੀ ਹੈ। ਕਰਮ ਦੇ ਫਲ ਨੂੰ ਅਸੀਂ ਜਿਸ ਤਰ੍ਹਾਂ ਭੋਗਦੇ ਹਾਂ ਜਿਸ ਮਾਨਸਿਕਤਾ ਵਿੱਚ ਉਸ ਨੂੰ ਗ੍ਰਹਿਣ ਕਰਦੇ ਹਾਂ ਉਸ ਤੋਂ ਨਵੇਂ ਕਰਮਾਂ ਦਾ ਆਉਣਾ ਹੁੰਦਾ ਹੈ ਅਤੇ ਉਹ ਸਾਡੇ ਸੰਚਿਤ ਕਰਮ ਨਾਲ ਜੁੜ ਜਾਂਦਾ ਹੈ। ਕਰਮ ਦਾ ਭੋਗ, ਭੋਗ ਦਾ ਕਰਮ – ਇਹ ਬੂਰਾ ਚੱਕਰ ਜਦ ਤੱਕ ਚੱਲਦਾ ਰਹਿੰਦਾ ਹੈ ਜਦ ਤੱਕ ਅਸੀਂ ਅਜਿਹੇ ਸੰਤੁਲਨ ਬਿੰਦੂ ਨੂੰ ਪ੍ਰਾਪਤ ਨਹੀਂ ਕਰ ਲੈਂਦੇ, ਜਿੱਥੇ ਨਵਾਂ ਕਰਮ ਬੰਧ ਰੁੱਕ ਜਾਵੇ ਅਤੇ ਪੁਰਾਣਾ ਸੰਚਿਤ, ਪੁਰਾਣਾ ਕਰਮ ਤੱਪਸਿਆ ਜਾਂ ਇਛਾਵਾਂ ਦੇ ਨਿਰੋਧ ਰਾਹੀਂ ਨਸ਼ਟ ਹੋ ਜਾਵੇ। ਇਹ ਸਿਲਸਿਲੇਵਾਰ ਕਰਮ ਦਾ ਸੰਬਰ ਅਤੇ ਨਿਰਜਰਾ ਹੈ। ਕਰੋਧ, ਮਾਨ, ਲੋਭ, ਮਾਇਆ ਆਦਿ ਦੀ ਪਕੜ ਤੋਂ ਬਚਨ ਦਾ ਸਹਿਜ ਸੁਭਾਅ ਆਤਮਾ ਉੱਪਰ ਕਰਮ ਬੰਧਨ ਦੀ ਪਕੜ ਨੂੰ ਢਿੱਲਾ ਕਰਦਾ ਹੈ। ਪਰ ਜੇ ਇਸ ਦੀ ਕੋਈ ਗੱਠ, ਇਸ ਦਾ ਕੋਈ ਸੁਚੇਤ ਭਾਵ ਸਾਡੇ ਅੰਦਰ ਪੈਦਾ ਹੋਣ ਲੱਗਦਾ ਹੈ ਤਾਂ ਉਸ ਨਾਲ ਕਰਮ ਦਾ ਨਵਾਂ ਆਸ਼ਰਵ / ਆਗਮਨ ਹੁੰਦਾ ਹੈ। ਮੋਕਸ਼ ਦੀ ਚਾਹ ਵੀ ਤਾਂ ਮੋਕਸ਼ ਮਾਰਗ ਦੀ ਇਕ ਰੁਕਾਵਟ ਹੀ ਹੈ। ਹੰਕਾਰ ਨਾ ਹੋਣਾ ਚੰਗੀ ਗੱਲ ਹੈ ਪਰ ਅਜਿਹੇ ਲੋਕਾਂ ਦੀ ਘਾਟ ਨਹੀਂ ਜਿਨ੍ਹਾਂ ਨੂੰ ਇਸ ਗੱਲ ਦਾ ਹੰਕਾਰ ਹੈ ਕਿ ਉਨ੍ਹਾਂ ਨੂੰ ਕਿਸੇ ਗੱਲ ਦਾ ਹੰਕਾਰ ਨਹੀਂ। ਇਸ ਲਈ ਪੁੰਨ ਦੀ ਇੱਛਾ ਨੂੰ ਵੀ ਮੂੰਹ ਲਗਾਉਣ ਦਾ ਸਮਰਥਨ ਮਹਾਵੀਰ ਨਹੀਂ ਕਰਦੇ। ਪੁੰਨ ਦੀ ਇੱਛਾ ਕਰਨਾ ਵੀ ਸੰਸਾਰ ਦੀ ਇੱਛਾ ਕਰਨਾ ਹੈ। ਪੁੰਨ ਚੰਗੀ ਗਤੀ ਦਾ ਕਾਰਨ ਹੈ ਪਰ ਮੁੱਕਤੀ ਦਾ ਨਹੀਂ। ਮੁੱਕਤੀ ਦੇ ਲਈ ਤਾਂ ਪੁੰਨ ਤੋਂ ਵੀ ਮੁੱਕਤੀ ਪਾਉਣ ਦੀ ਇੱਛਾ ਤੋਂ ਵੀ ਉੱਪਰ ਉੱਠਣਾ ਹੁੰਦਾ ਹੈ।

ਪੁੰਨ ਸੋਨੇ ਦੀ ਤਰ੍ਹਾਂ ਸਹੀ ਹੈ, ਪਰ ਹੈ ਤਾਂ ਜੰਜੀਰ, ਉਸ ਜੰਜੀਰ ਨੂੰ ਗਲ ਲਗਾਉਣ ਨਾਲ ਉਹ ਬੰਨ੍ਹੇਗੀ। ਵੀਤਰਾਗਤਾ, ਰਾਗ, ਅਤੇ ਦਵੇਸ਼ ਤਿੰਨੇ ਹੀ ਆਤਮਾ ਵਿੱਚ ਪੈਦਾ ਹੁੰਦੇ ਹਨ। ਪਰ ਰਾਗ ਅਤੇ ਦਵੇਸ਼ ਦੂਸਰੇ ਤੇ ਨਿਰਭਰ ਕਰਦੇ ਹਨ। ਉਸ ਨੂੰ ਆਤਮਾ ਦੇ ਅੰਦਰ ਦੇ ਪੱਖੋਂ ਬਾਹਰ ਦੀ ਜ਼ਿਆਦਾ ਜ਼ਰੂਰਤ ਨਹੀਂ ਰਹਿੰਦੀ। ਉਸ ਦੀ ਜੜ ਕੀਤੇ ਬਾਹਰ ਨਹੀਂ ਹੁੰਦੀ। ਗਿਆਨ, ਦਰਸ਼ਨ, ਚਿੰਤਨ, ਸ਼ਰਧਾ, ਸੁੱਖ ਆਦਿ ਗੁਣਾਂ ਦਾ ਭੰਡਾਰ ਆਤਮਾ ਵੀਤਰਾਗਤਾ ਤੋਂ ਹੀ ਅਪਣੀ ਚਮਕ ਪ੍ਰਾਪਤ ਕਰਦਾ ਹੈ। ਜਿਵੇਂ ਸ਼ੀਸ਼ੇ ਨੂੰ ਧੂੜ ਤੋਂ ਸਾਫ ਕਰ ਦਿੱਤਾ ਜਾਂਦਾ ਹੈ। ਇਹ ਆਤਮਾ ਦਾ, ਵਸਤੂ ਦਾ ਅਪਣੇ ਸੁਭਾਵ ਵਿੱਚ ਮੁੜਨਾ ਹੈ। ਮਹਾਵੀਰ ਆਖਦੇ ਹਨ ਵਸਤੂ ਦਾ ਸੁਭਾਅ ਹੀ ਉਸ ਦਾ ਧਰਮ ਹੈ, "ਉਂਝ ਤਾਂ ਜਿੰਨ੍ਹੇ ਮਨੁੱਖ ਹਨ ਉੱਨੇ ਹੀ ਧਰਮ ਹਨ ਅਜਿਹਾ ਮੰਨ ਸਕਦੇ ਹਾਂ (ਹਿੰਦ ਸਵਰਾਜ ਮਹਾਤਮਾ ਗਾਂਧੀ)" ਜਿਹੇ ਕਥਨਾ ਵਿੱਚ ਸਦੀ ਬਾਅਦ ਵੀ ਮਹਾਵੀਰ ਦੀ ਸੋਚ ਦੀ ਸੀਮਤ ਗੂੰਜ ਸੁਣਾਈ ਦਿੰਦੀ ਹੈ। ਵਸਤੂ ਦਾ ਅਪਣੇ ਸੁਭਾਅ ਵਿੱਚ ਵਾਪਸ ਆਉਣਾ ਨਿਜ ਘਰ ਵਾਪਸ ਆਉਣਾ ਹੈ। ਜਿਸ ਦੇ ਲਈ ਤੜਪ ਹੁੰਦੀ ਹੈ, ਇਹ ਬੇਘਰ ਅਤੇ ਬੇਗਾਨੇਪਨ ਦੇ ਭਟਕਾਵੇ ਤੋਂ ਛੁਟਕਾਰਾ ਪਾਉਣਾ ਹੈ। ਮੱਧ ਕਾਲੀਨ ਹਿੰਦੀ ਜੈਨ ਕਵੀ ਦੋਲਤ ਰਾਮ ਆਖਦੇ ਹਨ, "ਹਮ ਤੋ ਕਭੀ ਨਾ ਨਿੱਜ ਘਰ ਆਏ, ਪਰ ਘਰ ਫਿਰਤ ਬਹੁਤ ਦਿਨ ਬੀਤੇ ਨਾਮ ਅਨੇਕ ਧਰਾਏ" ਕਾਰਮਨ ਸਰੀਰ ਤੋਂ ਮੁਕਤ ਹੋ ਕੇ ਆਪਣੇ ਸੁਭਾਅ ਵਿੱਚ, ਅਪਣੇ ਨਿਰਮਲਤਾ ਵਿੱਚ ਵਾਪਸ ਹੋਈ ਆਤਮਾ ਦੀ ਤਾਕਤ ਉੱਪਰ ਮਹਾਵੀਰ ਦਾ ਅਟੁੱਟ ਵਿਸ਼ਵਾਸ ਅੱਜ ਵੀ ਸਾਡੇ ਦੇਸ਼ ਦੇ ਚਿੰਤਨ ਦੀਆਂ ਨਸਾਂ ਵਿੱਚ ਵਹਿ ਰਿਹਾ ਹੈ, ਜਲ ਦੀ ਆਤਮਾ ਦੀ ਤੁਲਨਾ ਕਿਸੇ ਵੀ ਸਾਧਨ ਨਾਲ ਨਹੀਂ ਕੀਤੀ ਜਾ ਸਕਦੀ / ਜਮੀਨ ਤੇ / ਜਮੀਨ ਦੇ ਉੱਪਰ ਅਤੇ ਜਮੀਨ ਦੇ ਹੇਠ / ਇਹ ਸਭ ਤੋਂ ਸ਼ਕਤੀਸ਼ਾਲੀ ਸਾਧਨ ਹੈ) ਡਾ: ਏ. ਪੀ. ਜੇ. ਅਬਦੁਲ ਕਲਾਮ ਦੀ ਕਵਿਤਾ ਦੇ ਅੰਸ਼।

ਆਤਮਾ ਦੀ ਸ਼ਕਤੀ ਦਾ ਅਹਿਸਾਸ ਅਤੇ ਦੇਹ ਤੋਂ ਉਸ ਦੀ ਭਿੰਨਤਾ ਦਾ ਗਿਆਨ ਅਸਾਨੀ ਨਾਲ ਨਹੀਂ ਹੁੰਦਾ, ਇਸ ਦੇ ਲਈ ਜੀਵ (ਆਤਮਾ) ਅਜੀਵ (ਪੁਦਗਲ, ਅਸ਼ਰਵ, ਬੰਧ, ਪਾਪ, ਪੁੰਨ, ਸੰਬਰ, ਨਿਰਜਰਾ, ਮੋਕਸ਼ ਜਿਹੇ

ਤੱਤਵਾਂ ਨੂੰ ਹਿਰਦੇ ਵਿੱਚ ਧਾਰਨ ਕਰਨਾ ਅਤੇ ਦੇਵ (ਅਰਿਹੰਤ ਸਿੱਧ) ਸ਼ਾਸਤਰ, ਗੁਰੂ (ਅਚਾਰਿਆ, ਉਪਾਧਿਆ, ਸਾਧੂ) ਦਾ ਨਮਿਤ ਪ੍ਰਾਪਤ ਕਰਨਾ ਪੈਂਦਾ ਹੈ। ਦੇਹ 'ਤੇ ਟਿੱਕੀ ਦ੍ਰਿਸ਼ਟੀ ਅੱਗੇ ਦੀ ਯਾਤਰਾ ਕਿਵੇਂ ਕਰੇਗੀ? ਦੇਹ ਤਾਂ ਇਕ ਜਨਮ ਦੇ ਲਈ ਮਿਲਦੀ ਹੈ ਜਦਕਿ ਆਤਮਾ ਨੂੰ ਆਮ ਤੌਰ ਤੇ ਅਸੰਖ ਜਨਮਾਂ ਦੇ ਉੱਤਾਰ ਚੜਾਉ ਵਿੱਚੋਂ ਗੁਜ਼ਰਨਾ ਪੈਂਦਾ ਹੈ। ਖੁਦ ਮਹਾਵੀਰ ਦੀ ਆਤਮਾ ਵੀ ਅਨੇਕਾਂ ਜਨਮਾਂ ਦੇ ਦੋਰ ਵਿੱਚੋਂ ਗੁਜ਼ਰ ਕੇ ਮਹਾਵੀਰ ਬਣੀ ਸੀ।

ਮਹਾਵੀਰ ਦਾ ਵਿਸ਼ਵਾਸ ਅਨੇਕ ਆਤਮਵਾਦ ਵਿੱਚ ਹੈ, ਆਤਮਾ ਅਨੰਤ ਅਤੇ ਸੁਤੰਤਰ ਹਨ, ਉਹ ਕਿਸੇ ਦਾ ਵੀ ਅੰਸ਼ ਨਹੀਂ ਹਨ। ਆਤਮਾ ਕੀੜੀ ਦੀ ਹੋਵੇ ਜਾਂ ਹਾਥੀ ਦੀ, ਬਰਾਬਰ ਹੁੰਦੀ ਹੈ। ਜਿਸ ਤਰ੍ਹਾਂ ਪ੍ਰਕਾਸ਼ ਕਮਰੇ ਦੇ ਹਿਸਾਬ ਨਾਲ ਇਕਠਾ ਜਾਂ ਫੈਲਦਾ ਹੈ ਉਸੇ ਤਰ੍ਹਾਂ ਆਤਮਾ ਸਰੀਰ ਦੇ ਆਕਾਰ ਵਿੱਚ ਸਮਾਈ ਰਹਿੰਦੀ ਹੈ। ਇਸ ਲਈ ਆਤਮਾ ਵਿੱਚ ਫਰਕ ਆਕਾਰ ਦਾ ਹੋ ਸਕਦਾ ਹੈ। ਪ੍ਰਮਾਣੂ (ਤੱਤਵ) ਦਾ ਨਹੀਂ, ਆਤਮਾ ਦਾ ਪੁੱਦਗਲ (ਸਰੀਰ) ਨਾਲ ਸੰਜੋਗ ਹੋਣਾ ਜੀਵਨ ਹੈ, ਪਰ ਇਹ ਹੀ ਸੰਜੋਗ ਆਤਮਾ ਦਾ ਕਰਮ ਬੰਧ ਜਾਰੀ ਰੱਖਣ ਦਾ ਸਬੂਤ ਵੀ ਹੈ। ਕਰਮ ਬੰਧ ਵਿੱਚ ਮੁਕਤ ਹੋਈ ਆਤਮਾ ਜਨਮ ਮਰਨ ਤੋਂ ਮੁਕਤ ਹੋ ਜਾਂਦੀ ਹੈ। ਇਹ ਆਨੰਦ, ਸ਼ਕਤੀ ਅਤੇ ਚੇਤਨਾ ਦਾ ਚਰਮ ਵਿਕਾਸ਼ ਹੁੰਦੀ ਹੈ ਸਰੀਰ ਰਹਿਤ ਰੂਪ ਵਿੱਚ ਰਹਿੰਦੀ ਹੈ ਕਿਸੇ ਦੇ ਵਿੱਚ ਨਹੀਂ ਮਿਲਦੀ ਇਹ ਹੀ ਆਤਮਾ ਦਾ ਮੋਕਸ਼ ਹੈ, ਇਹੋ ਨਿਰਵਾਨ ਹੈ।

ਵਿਸੇ, ਕਸ਼ਾਏ ਵਾਲੇ ਕਾਰਮਨ ਸਰੀਰ ਤੋਂ ਮੁਕਤੀ ਦਾ ਉਦੇਸ਼ ਦੀ ਅਤੇ ਆਤਮਾ ਦੇ ਵਿਕਾਸ ਨੂੰ ਜੈਨ ਸ਼ਾਸਤਰਾਂ ਨੇ 14 ਗੁਣ ਸਥਾਨ (ਇਹ ਅੰਤਮ ਗੁਣ ਸਥਾਨ ਵੀ ਉਸ ਦੇ ਵਿਕਾਸ ਦੇ ਕਦਮ ਹਨ ਅਤੇ ਪਹਿਲੇ ਤਿੰਨ ਅਵਿਕਸਤ ਕਾਲ ਦੇ ਹਨ) ਦੋ ਗੁਪਤ ਗਿਆਨ (ਇੰਦਰੀਆਂ ਅਤੇ ਮਨ ਦੀ ਸਹਾਇਤਾ ਤੋਂ ਉੱਤਪਨ ਮਤੀ ਅਤੇ ਸ਼ਰੂਤ) ਅਤੇ ਤਿੰਨ ਪ੍ਰਤੱਖ ਗਿਆਨ (ਗਿਆਨ ਸੁਭਾਅ ਵਾਲੀ ਆਤਮਾ ਵਿੱਚ ਸਿੱਧੇ ਉੱਤਪਨ ਅੱਵਧੀ, ਮਨ ਪਰਿਆਏ ਅਤੇ ਕੇਵਲ) ਦੀ ਪ੍ਰਾਪਤੀ ਅਤੇ ਸ਼੍ਰਾਵਕ ਦੇ ਹਵਾਲੇ ਵਿੱਚ ਗਿਆਰਾਂ ਪ੍ਰਤੀਮਾਵਾਂ ਦੇ ਰਾਹੀਂ ਸਮਝਾਇਆ ਹੈ। ਆਖਰੀ ਭੇਦ ਅਤੇ ਉਪਭੇਦ ਅਤੇ ਗਿਣਤੀ ਦੇ ਰਾਹੀਂ ਤਾਂ ਸਮਝਾਇਆ ਜਾਵੇਗਾ? ਪਰ ਉਦੇਸ਼ ਦੀ ਪ੍ਰਾਪਤੀ ਵੱਲ ਵੱਧਦੀ ਹੋਈ ਆਤਮਾ,

ਇਨ੍ਹਾਂ ਮੀਲ ਦੇ ਪੱਥਰਾਂ ਨੂੰ ਗਿਣਨ ਵਿੱਚ ਨਹੀਂ ਉਲਝਦੀ। ਇਹ ਇਕ ਅਜਿਹੀ ਯਾਤਰਾ ਹੈ ਜਿਸ ਦਾ ਉਦੇਸ਼ ਹਾਸਲ ਹੋਣ ਤੇ ਪਹਿਲਾਂ ਪਿਛੇ ਮੁੜਨ ਦਾ ਖਤਰਾ ਹਮੇਸ਼ਾ ਹੀ ਰਹਿੰਦਾ ਹੈ। ਅਸੀਂ ਉਸ ਮੁਕਾਮ ਤੋਂ ਪਿੱਛੇ ਪਹੁੰਚ ਸਕਦੇ ਹਾਂ ਇਸ ਤੋਂ ਕਿਸੇ ਜਨਮ ਦੀ ਯਾਤਰਾ ਤੋਂ ਨਿਕਲੇ ਸੀ।

ਮਹਾਵੀਰ ਦੇ ਪਿੱਛਲੇ ਜਨਮਾਂ ਨੂੰ ਪੁਰਾਣਕਾਰਾ ਨੇ ਬੜੇ ਵਿਸਥਾਰ ਨਾਲ ਅਤੇ ਕਲਪਨਾਸ਼ੀਲਤਾ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਵਿੱਚ ਅਕਸਰ ਘਟਨਾਵਾਂ ਰਹਿਤ ਜੀਵਨ ਦੀ ਤੁਲਨਾ ਵਿੱਚ ਉਨ੍ਹਾ ਦੇ ਪਿਛਲੇ ਜਨਮ ਹਨ ਵੀ ਬੇਹਦ ਘੱਟਨਾਤਮਕ ਜੈਨ ਵਿਦਵਾਨਾਂ ਨੇ ਚਾਰ ਅਣੂਯੋਗਾਂ ਰਾਹੀਂ ਚਰਿੱਤਰ ਅਤੇ ਪੁਰਾਣਾਂ ਨੂੰ ਪ੍ਰਥਮਾਨੂਯੋਗ ਵਿੱਚ ਦਿੱਤਾ ਹੈ। ਮਹਾਵੀਰ ਦੇ ਪਿੱਛਲੇ ਜਨਮਾਂ ਦੇ ਵਰਨਣ ਇਹ ਇਸ਼ਾਰਾ ਕਰਦੇ ਹਨ ਕਿ ਸਾਧਨਾ ਅਤੇ ਵੀਤਰਾਗਤਾ ਕਿਸੇ ਵੀ ਆਤਮਾ ਨੂੰ ਮਹਾਵੀਰ ਬਣਾ ਸਕਦੀ ਹੈ, ਕਿ ਕਿਸੇ ਪਿੱਛਲੇ ਜਨਮ ਵਿੱਚ ਸ਼ੇਰ ਦੇ ਰੂਪ ਵਿੱਚ ਜਨਮ ਲੈਣ ਵਾਲੀ ਆਤਮਾ ਵੀ, ਮਹਾਵੀਰ ਪੁੰਨੇ ਨੂੰ ਪ੍ਰਾਪਤ ਕਰ ਸਕਦੀ ਹੈ ਅਤੇ ਮੱਨੁਖ ਮਾਤਰ ਦੇ ਕਲਿਆਣ ਦਾ ਕਾਰਨ ਬਣਦੀ ਹੋਈ ਜਨਮ ਮਰਨ ਦੇ ਚੱਕਰ ਤੋਂ ਮੁਕਤ ਵੀ ਹੋ ਸਕਦੀ ਹੈ, ਕਿ ਕਰਮ ਬੰਧ ਦੇ ਘੋਰ ਹਨੇਰੇ ਵਿੱਚ ਵੀ ਪ੍ਰਕਾਸ਼ ਦਾ ਵਜੂਦ ਬਣਿਆ ਰਹਿੰਦਾ ਹੈ ਅਤੇ ਉਸ ਨੂੰ ਸਿਰਫ ਤਲਾਸ਼ਨਾ ਹੁੰਦਾ ਹੈ। ਕਰਮ ਬੰਧਨ ਦੀ ਪਕੜ ਤੋਂ ਮੁਕਤ ਹੋਣ ਦੇ ਲਈ ਸੱਮਿਅਕ ਦਰਸ਼ਨ, ਗਿਆਨ, ਚਰਿੱਤਰ, ਪੂਰਵ ਉਪਾਦਾਨ ਅਤੇ ਨਮਿਤ ਦੀ ਭੂਮਿਕਾ ਨੂੰ ਮਹਾਵੀਰ ਦੀ ਵੀਤਰਾਗਤਾ ਦੀ ਰਾਹ ਔਖੀ ਜ਼ਰੂਰ ਹੈ ਪਰ ਇੱਕ ਵਾਰ ਪੈਰਾਂ ਦੀ ਪਕੜ ਵਿੱਚ ਆ ਜਾਵੇ ਤਾਂ ਉਸ ਦੀ ਅਸਾਨੀ ਦਾ ਕੋਈ ਜਵਾਬ ਨਹੀਂ।

ਮਹਾਵੀਰ ਦਾ ਚਿੰਤਨ ਹਰ ਪੱਖੋਂ ਇਕ ਸੰਪੂਰਨ ਰਚਨਾ ਹੈ। ਜਿਸ ਵਿੱਚ ਬਹੁਤ ਵਿਗਿਆਨਕ ਢੰਗ ਨਾਲ ਇਕ ਤੋਂ ਬਾਅਦ ਇਕ ਇੱਟ ਰੱਖੀ ਗਈ ਹੈ। ਅਸੀਂ ਕੀਤੇ ਵੀ ਇਕ ਇੱਟ ਨੂੰ ਵੱਖ ਨਹੀਂ ਕਰ ਸਕਦੇ। ਮਹਾਵੀਰ ਦੇ ਉਪਦੇਸ਼ਾਂ ਨੂੰ ਉਨ੍ਹਾਂ ਦੀ ਸਮੂਚੀ ਤਰਕ ਸ਼ੈਲੀ ਵਿੱਚ ਵੇਖਨਾ ਚਾਹਿਦਾ ਹੈ। ਕਿਸੇ ਇੱਕ ਵਾਕ ਜਾਂ ਉਪਦੇਸ਼ ਨੂੰ ਲੈ ਕੇ ਉਸ ਨੂੰ ਹੀ ਸਭ ਕੁੱਝ ਮਨ ਲੈਣਾ ਉਸ ਦੇ ਪੂਰੇ ਪੱਖ ਨੂੰ ਨਾ ਵੇਖਣਾ ਮਹਾਵੀਰ ਦੇ ਨਾਲ ਇਨਸਾਫ ਕਰਨਾ ਨਹੀਂ ਹੈ। ਦਰਅਸਲ ਸਵਰੂਪ ਦੀ ਸਹੀ ਪਛਾਨ ਤੋਂ ਉੱਤਪਨ ਹੋਣ ਵਾਲਾ ਮਹਾਵੀਰ ਦਾ

ਮੂਲ ਬਹੁਪੱਖੀ ਅਨੇਕਾਂਤ ਚਿੰਤਨ ਸਾਡੀ ਏਕਾਂਤ ਅਤੇ ਏਕਾਂਤ ਕੋਣਾਤਮਕ ਦ੍ਰਿਸ਼ਟੀ ਵਿੱਚ ਭਲਾ ਕਿਸ ਤਰ੍ਹਾਂ ਆਵੇਗਾ?

ਹਰ ਯੁੱਗ ਇਕ ਲਪੇਟੇ ਹੋਏ ਅਤੇ ਤੱਤਕਾਲ ਰੂਪ ਵਿੱਚ ਅਖੌਤੀ ਸੁਵਿਧਾ ਅਤੇ ਲਾਭ ਵਾਲੇ ਜੀਵਨ ਨੂੰ ਵਿਕਸ਼ਤ ਕਰ ਲੈਂਦਾ ਹੈ। ਸਹਿਜ ਅਤੇ ਨਿਰਮਲ ਜੀਵਨ ਦੇ ਪੱਖੋਂ ਇਹ ਜ਼ਰੂਰਤ ਹੁੰਦੀ ਹੈ। ਖੋਟਾ ਸਿੱਕਾ ਚੰਗੇ ਸਿੱਕੇ ਨੂੰ ਚੱਲਣ ਤੋਂ ਹਟਾਉਂਦਾ ਹੀ ਹੈ। ਮਹਾਵੀਰ ਸਾਨੂੰ ਪੁਰਾਂਤਨ ਪੰਥੀ, ਜੜਤਾ (ਮੂਰਖਤਾ) ਅਤੇ ਭੈੜੀਆਂ ਰਸਮਾਂ ਤੋਂ ਬਚਾਉਣਾ ਚਾਹੁੰਦੇ ਹਨ। ਇਸ ਲਈ ਕਿਸੇ ਖਾਸ ਪ੍ਰੰਪਰਾ ਦੇ ਪ੍ਰਭਾਵ ਰਹਿਣ ਦੇ ਯੁਗ ਵਿੱਚ ਵੀ ਨਹੀਂ ਹਰ ਯੁਗ ਵਿੱਚ ਉਹ ਜ਼ਰੂਰੀ ਹੈ, ਅਤੇ ਜਿਵੇਂ ਜਿਵੇਂ ਵਿਗਿਆਨਕ ਦ੍ਰਿਸ਼ਟੀ ਦਾ ਵਿਕਾਸ਼ ਹੁੰਦਾ ਜਾਵੇਗਾ ਅਸੀਂ ਉਸ ਦੀ ਜ਼ਰੂਰਤ ਨੂੰ ਜਲਦੀ ਸਮਝ ਸਕਾਂਗੇ।

ਮਹਾਵੀਰ ਹਰ ਕਿਸਮ ਦੇ ਭੇਦ ਭਾਵ, ਖਾਲੀ ਵਿਖਾਵਾ ਅਤੇ ਕਰਮ ਕਾਂਡ ਦਾ ਵਿਰੋਧ ਕਰਦੇ ਹਨ। ਉਨ੍ਹਾਂ ਦੀ ਕੋਸ਼ਿਸ ਹੈ ਕਿ ਮਨੁੱਖ ਜ਼ਰੂਰੀ ਅਤੇ ਗੈਰਜ਼ਰੂਰੀ ਵਿੱਚ ਫਰਕ ਕਰਨਾ ਸਿੱਖੇ। ਪਰ ਅੱਜ ਦੀ ਦੁਨਿਆ ਗੈਰਜ਼ਰੂਰੀ ਦੇ ਜਾਲ ਵਿੱਚ ਫਸੀ ਹੋਈ ਹੈ। ਕਦੇ ਜ਼ਰੂਰਤ ਖੋਜ ਦੀ ਮਾਂ ਮੰਨੀ ਜਾਂਦੀ ਸੀ, ਅੱਜ ਸਥਿਤੀ ਉਲਟ ਹੈ। ਖੋਜ ਪਹਿਲਾਂ ਹੁੰਦੀ ਹੈ ਫੇਰ ਪ੍ਰਚਾਰ ਅਤੇ ਵਿਗਿਆਨ ਤੰਤਰ ਦੇ ਰਾਹੀਂ ਬਜ਼ਾਰਵਾਦ, ਉਸ ਦੀ ਜ਼ਰੂਰਤ ਨੂੰ ਪੈਦਾ ਕਰਦਾ ਹੈ। ਬੱਚੇ ਨੂੰ ਯੋਗ ਵਿਕਾਸ ਦੇ ਲਈ ਮਾਂ ਦੇ ਦੁੱਧ ਦੀ ਪ੍ਰਵਾਹ ਨਾ ਕਰਦੇ ਹੋਏ ਬੋਤਲ ਦੇ ਦੁੱਧ ਦਾ ਕਾਇਲ ਕਰ ਦੇਣ ਵਾਲਾ ਕਮਾਲ ਇਸ ਪ੍ਰਕ੍ਰਿਆ ਦੇ ਤਹਿਤ ਹੋਇਆ ਸੀ। ਵੱਧੀਆਂ ਹੋਇਆਂ ਇਛਾਵਾਂ, ਸ਼ੰਕਾਵਾਂ ਅਤੇ ਜ਼ਰੂਰਤਾਂ ਸਾਨੂੰ ਚੈਨ ਨਹੀਂ ਲੈਣ ਦਿੰਦੀਆਂ। ਇਜ਼ਤ ਮਾਨ ਦੇ ਸਵਾਲ ਅਤੇ ਮੁਕਾਬਲੇ ਨੇ ਸਾਨੂੰ ਸਭ ਪਾਸੇ ਤੋਂ ਪਕੜ ਲਿਆ ਹੈ। ਅਸੀਂ ਰੰਗ, ਜਾਤ, ਵਰਗ, ਇਮੇਜ ਮਨੇਜਮੈਂਟ ਅਤੇ ਨਵੇਂ ਸਾਂਮਤਵਾਦ ਦੀ ਪਕੜ ਵਿੱਚ ਹਾਂ। ਸੁੱਵਿਧਾ ਵਿੱਚ ਸੁੱਖ ਤਲਾਸ਼ ਰਹੇ ਹਾਂ। ਅਪਣੇ ਆਪ ਨੂੰ ਖਾ ਰਹੇ ਹਾਂ। ਇਕ ਦੂਸਰੇ ਦੇ ਪ੍ਰਤੀ ਸਤਿਕਾਰ ਦੀ ਗੱਲ ਤਾਂ ਦੂਰ ਰਹੀ ਇਕ ਦੂਸਰੇ ਨੂੰ ਸਹਿਣ ਕਰਨ ਲਈ ਵੀ ਤਿਆਰ ਨਹੀਂ ਹਾਂ। ਸਾਡੀ ਦਿਲਚਸਪੀ ਜਿਨਬਾਣੀ (ਮਹਾਵੀਰ ਬਾਣੀ) ਤੋਂ ਜ਼ਿਆਦਾ ਨਿਜ ਬਾਣੀ ਵਿੱਚ ਹੈ। ਸਾਨੂੰ ਅਪਣੇ ਚਿੱਤਰਾਂ ਦਾ ਪ੍ਰਕਾਸ਼ਨ, ਅਪਣੀ ਮੂਰਤ ਦੀ ਸਥਾਪਨਾ

ਚਾਹਿਦੀ ਹੈ। ਪਰਿਵਾਰ ਜਾਂ ਗਹਿਰੇ ਮਿੱਤਰ ਜਾਂ ਮਹਾਵੀਰ ਦੀ ਪ੍ਰਤਿਮਾ ਦੇ ਨਾਲ ਸਾਡਾ ਜੇ ਲਗਾਉ ਵੀ ਚਿੱਤਰ ਹੈ ਤਾਂ ਅਸੀਂ ਪਹਿਲਾ ਆਪਣੇ ਚਿੱਤਰ ਨੂੰ ਵੇਖਣ ਦੀ ਲਾਲਸਾ ਕਰਦੇ ਹਾਂ।

ਭਾਗਵਾਦ, ਫੁੱਲਾਂ ਦੇ ਹਾਰ, ਸਵਾਗਤੀ ਦਰਵਾਜੇ, ਚਰਨ ਛੋਹਨਾ, ਭਵਿੱਖ ਦੱਸਨਾ, ਆਸ਼ਿਰਵਾਦ, ਗੁਲਾਮੀ ਅਤੇ ਵਿਖਾਵੇ ਦਾ ਨਵਾਂ ਕਰਮ ਕਾਂਡ, ਦੁਨਿਆਂ ਤੇ ਅਪਣਾ ਸਿਕੰਜਾ ਕੱਸ਼ ਰਿਹਾ ਹੈ। ਝੂਠ ਤੇ ਫਰੇਬ ਸਾਡੀ ਕਿਸ਼ਮਤ ਬਣ ਗਏ ਹਨ। ਹਿੰਸਾ ਸਿਰਫ ਬਦਲੇ ਹੋਏ ਰੂਪਾਂ ਵਿੱਚ ਹੀ ਨਹੀਂ ਅਦਿੱਖ ਰੂਪਾਂ ਵਿੱਚ ਵੀ ਹਰ ਜਗ੍ਹਾ ਮਿਲਦੀ ਹੈ। ਪ੍ਰਚਾਰ ਦੇ ਸਾਧਨਾਂ, ਅਤੇ ਸੰਚਾਰ ਅਤੇ ਮਨੋਰੰਜਨ ਦੇ ਹੋਰ ਸਾਧਨਾਂ ਦੇ ਵਿੱਚਕਾਰ ਵੱਧਦਾ ਵਪਾਰੀਕਰਨ ਬਹੁਤ ਬਿਨ੍ਹਾਂ ਦੱਸੇ ਸਾਨੂੰ ਹਮਲਾਵਰ, ਸੰਵੇਦਨਹੀਨ, ਡਰਪੋਕ ਅਤੇ ਸਮਾਜ ਵਿਰੋਧੀ ਬਣਾ ਰਹੀ ਹੈ। ਜੇਹੜੇ ਹੱਥਾਂ ਵਿੱਚ ਨਮਿਤ ਦੀ ਭੂਮਿਕਾ ਹੈ ਉਹ ਅਜਿਹਾ ਮਾਹੋਲ ਬਣਾਉਨ ਵਿੱਚ ਸਫਲ ਹੋ ਰਹੇ ਹਨ, ਕਿ ਆਮ ਆਦਮੀ ਖੁਦ ਨੂੰ ਉਪਾਦਾਨ ਸ਼ਕਤੀ ਤੋਂ ਰਹਿਤ ਅਨੁਭਵ ਕਰਨ ਲੱਗਾ ਹੈ। ਅਪਣੇ ਅਖੋਤੀ ਕਬਜੇ ਨੂੰ ਕਾਇਮ ਕਰਨ ਵਿੱਚ ਲੱਗੇ ਲੋਕ ਦੂਸਰੀਆਂ ਵਿੱਚ ਅਪਣੇ ਖੁਦ ਦੇ ਉਪਾਦਾਨ ਹੋਣ ਦਾ ਆਤਮ ਵਿਸ਼ਵਾਸ ਹੀ ਨਹੀਂ ਪੈਦਾ ਹੋਣ ਦੇਣਾ ਚਾਹੁੰਦੇ 'ਮੈਂ ਹਾਂ ਨਾ!' ਦੇ ਘੋੜੇ ਤੇ ਸਵਾਰ ਉਨ੍ਹਾਂ ਦੀ ਕੋਸ਼ਿਸ ਰਹਿੰਦੀ ਹੈ ਕਿ ਦੂਸਰੇ ਲੋਕ ਅਪਣੇ ਆਪ ਨੂੰ ਨਿਰਭਰ ਅਤੇ ਅਪਾਹਜ ਸਮਝਣ ਦੇ ਆਦੀ ਹੋ ਜਾਣ ਅਤੇ ਮਹਾਵੀਰ ਨੇ ਇਸ ਬੀਜ ਮੰਤਰ ਦਾ ਕਦੀ ਧਿਆਨ ਨਾ ਲਿਆਉਣ ਕਿ ਹਰ ਮਨੁੱਖ / ਹਰ ਪਦਾਰਥ ਖੁਦ ਅਪਣੀ ਕਿਸਮਤ ਦਾ ਬਣਾਉਨ ਵਾਲਾ ਹੈ। ਦੂਸਰੇ ਵੱਲ ਨਮਿਤ ਦੇ ਪ੍ਰਤੀ ਧੰਨਵਾਦ ਨੂੰ ਇਕ ਫਾਲਤੂ ਚੀਜ ਮੰਨਿਆ ਜਾਣ ਲੱਗਾ ਹੈ। ਜਿੱਥੇ ਸੰਸਾਰ ਦੇ ਸਾਰੇ ਅਰਿਹੰਤਾਂ ਸਿਧਾਂ, ਅਚਾਰਿਆਵਾਂ, ਉਪਾਧਿਆਵਾਂ (ਸਿੱਖਿਅਕਾਂ) ਅਤੇ ਸਾਧੂਆਂ ਦੇ ਪ੍ਰਤੀ ਪ੍ਰਣਾਮ ਕਰਨ ਵਾਲੀ ਧੰਨਵਾਦ ਵਾਲੀ ਇੱਛਾ ਨੂੰ ਸਿਰ ਤੇ ਧਾਰਨ ਕਰਕੇ ਮਹਾਂ ਮੰਤਰ ਬਣ ਗਈ ਅਤੇ ਕਰੋਧ ਇਰਖਾ ਮਿਥਿਆ ਡੱਟੇ ਰਹਿਣ ਨੂੰ ਨਹੀਂ ਸਗੋਂ ਧੰਨਵਾਦ ਰਹਿਤ ਨੂੰ ਵੀ ਮਨੁੱਖੀ ਗੁਣਾਂ ਦਾ ਵਿਨਾਸ਼ਕ ਮੰਨਿਆ ਗਿਆ ਹੈ, (ਸਥਾਂਨੰਗਸੂਤਰ 4/4) ਇਹੋ ਉੱਤਰ ਵਿੱਚ ਅੱਜ ਕਲ ਹੁਸ਼ਿਆਰੀ ਇਹ ਹੈ ਕਿ ਜਿਸ ਪੋੜੀ ਦਾ ਨਮਿਤ (ਕਾਰਨ) ਪਾ ਕੇ ਉੱਪਰ ਪਹੁੰਚੋ ਸਭ ਤੋਂ

ਪਹਿਲਾਂ ਉਸ ਨੂੰ ਹੀ ਗਿਰਾਉਣ ਦੀ ਕੋਸ਼ਿਸ ਕਰੋ। ਨਮਿਤ ਦਾ ਨਾਉਂ ਤੱਕ ਨਾ ਲਵੋ ਨਹੀਂ ਤਾਂ ਤੁਹਾਡੇ ਸਫਲ ਹੋਣ ਦਾ ਕੁੱਝ ਸਿਹਰਾ ਉਸੇ ਨੂੰ ਮਿਲ ਜਾਵੇਗਾ।

ਮਨੁੱਖ ਤੇ ਜਮੀਨ ਬਚਾਕੇ ਰੱਖਣ ਲਈ ਸ਼ਾਂਤ ਸੰਜਮ ਅਤੇ ਸਥਾਈ ਮੁਕਾਬਲਾ, ਮਹਾਵੀਰ ਨੂੰ ਜੀਵਨ ਵਿੱਚ ਉਤਾਰ ਕੇ ਹੀ ਕੀਤਾ ਜਾ ਸਕਦਾ ਹੈ। ਅੱਜ ਜਦ ਮਹਾਵੀਰ ਦੀ 2600 ਸਾਲਾ ਜਨਮ ਜੈਨਤੀ ਮਨਾਈ ਜਾ ਰਹੀ ਹੈ ਕਿ ਉਨ੍ਹਾਂ ਦੇ ਵਿਚਾਰਾਂ ਅਤੇ ਆਚਰਨ ਵੱਲ ਵਾਪਸ ਪਰਤਨ ਦਾ ਪ੍ਰਣ ਕਰਾਂਗੇ? ਹੁਣ ਵੀ ਦੇਰ ਨਹੀਂ ਹੋਈ ਹੈ ਗਲਤ ਦਿਸ਼ਾ ਵੱਲ ਦੋ ਹਜਾਰ ਮੀਲ ਤੱਕ ਚਲੇ ਆਉਣ ਵਾਲੇ ਦੇ ਬਾਅਦ ਵੀ ਸਹੀ ਦਿਸ਼ਾ ਪਕੜਨ ਦੇ ਲਈ, ਸਾਨੂੰ ਫਿਰ ਹਜਾਰ, ਦੋ ਹਜਾਰ ਮੀਲ ਨਹੀਂ ਚੱਲਣਾ ਹੈ, ਸਿਰਫ ਪਲਟਨਾ ਹੈ। ਜਿਵੇਂ ਹੀ ਅਸੀਂ ਪਲਟੇ ਕਿ ਅਸੀਂ ਸਹੀ ਦਿਸ਼ਾ ਵੱਲ ਹੋਵਾਂਗੇ। ਹਜਾਰ ਸਾਲ ਵਿੱਚ ਹਨੇਰੇ ਕਮਰੇ ਨੂੰ ਪ੍ਰਕਾਸ਼ਤ ਕਰਨ ਲਈ ਹਜਾਰ ਸਾਲ ਨਹੀਂ ਚਾਹਿਦਾ। ਸਿਰਫ ਸਵਿੱਚ ਆਨ ਕਰਨਾ ਹੈ ਕਮਰਾ ਪ੍ਰਕਾਸ਼ ਨਾਲ ਭਰ ਜਾਵੇਗਾ। ਇਸੇ ਲਈ ਕਰਮ ਦਾ ਬੰਧਨ ਕਿੰਨ੍ਹਾਂ ਹੀ ਕਠਿਨ ਹੋਵੇ, ਮੁਸਿਬਤਾਂ ਅਤੇ ਰੁਕਾਵਟਾਂ ਕਿਨ੍ਹੀਆਂ ਹੀ ਆਉਣ, ਭਗਵਾਨ ਮਹਾਵੀਰ ਦੇ ਮਾਰਗ ਤੇ ਚੱਲਣ ਵਾਲੇ ਦੀ, ਉਨ੍ਹਾਂ ਦੀ ਤਰ੍ਹਾਂ ਮੁਕਤ ਹੋਣ ਦੀ ਕੋਸ਼ਿਸ ਲਗਾਤਾਰ ਕੀਤੀ ਜਾਣੀ ਚਾਹਿਦੀ ਹੈ। ਦਿਸ਼ਾਵਾਂ ਬੋਲਿਆਂ ਹਨ / ਸ਼ਬਦ ਤੰਗ ਹੋ ਜਾਂਦੇ ਹਨ / ਕਿਹੜੀ ਹਵਾ ਚੱਲਦੀ ਹੈ / ਸਭ ਲੁਟੇ ਜਾਂਦੇ ਹਨ / ਖੁਲ੍ਹੀ ਇਸ ਹਥੇਲੀ ਤੇ / ਇਕ ਰਤਨ ਹੋਰ / ਰੋਸ਼ਨੀ ਪੈਦਾ ਕਰਨ ਦਾ / ਇਕ ਯਤਨ ਹੋਰ / ਹੁਣੇ ਇਕ ਯਤਨ ਹੋਰ।[1]

************

1. ਲੇਖਕ ਦੇ ਅਪਣੇ ਇਕ ਗੀਤ ਤੋਂ

- ਭਗਵਾਨ ਮਹਾਵੀਰ ਦੇ ਜਨਮ, ਗਿਆਨ ਪ੍ਰਾਪਤੀ ਅਤੇ ਨਿਰਵਾਨ ਦੀਆਂ ਤਾਰਿਖਾਂ ਅਤੇ ਦਿਨ ਫਿਉਚਰ ਪੁਆਇੰਟ ਹੋਜ ਖਾਸ ਨਵੀਂ ਦਿੱਲੀ ਦੀ ਸਹਾਇਤਾ ਨਾਲ।